Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 319 | 12/05/2026 | www.samajweekly.com | samajweekly | @samajweekly | samajweekly

# ਡੋਨਾਲਡ ਟਰੰਪ ਨੇ ਜੰਗ ਰੋਕਣ ਲਈ ਇਰਾਨ ਦਾ ਪ੍ਰਸਤਾਵ ਠੁਕਰਾਇਆ

## ਕਿਹਾ : ਮੈਨੂੰ ਇਰਾਨੀ ਪ੍ਰਤੀਨਿਧੀਆਂ ਦਾ ਜਵਾਬ ਬਿਲਕੁਲ ਵੀ ਪਸੰਦ ਨਹੀਂ ਆਇਆ

**ਤੇਲਅਵੀਵ :** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਦੇ ਨਵੇਂ ਸ਼ਾਂਤੀ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਟਰੰਪ ਨੇ ਟਰੂਥਸੋਸ਼ਲ 'ਤੇ ਲਿਖਿਆ ਕਿ ਮੈਂ ਇਰਾਨੀ ਪ੍ਰਤੀਨਿਧੀਆਂ ਦਾ ਜਵਾਬ ਪੜ੍ਹਿਆ, ਜੋ ਮੈਨੂੰ ਬਿਲਕੁਲ ਵੀ ਪਸੰਦ ਨਹੀਂ ਆਇਆ। ਮੈਂ ਇਸ ਨੂੰ ਸਵੀਕਾਰ ਨਹੀਂ ਕਰ ਸਕਦਾ।" ਪਹਿਲਾਂ ਟਰੰਪ ਨੇ ਇਰਾਨ 'ਤੇ ਖੇਡ ਖੇਡਣ ਦਾ ਦੋਸ਼ ਲਗਾਇਆ ਸੀ। ਇਰਾਨੀ ਮੀਡੀਆ ਅਨੁਸਾਰ ਤਹਿਰਾਨ ਨੇ ਐਤਵਾਰ ਨੂੰ ਪਾਕਿਸਤਾਨ ਰਾਹੀਂ ਅਮਰੀਕਾ ਨੂੰ ਆਪਣਾ ਨਵਾਂ ਪ੍ਰਸਤਾਵ ਭੇਜਿਆ। ਰਿਪੋਰਟ ਦੇ ਅਨੁਸਾਰ ਪ੍ਰਸਤਾਵ ਵਿੱਚ ਯੁੱਧ ਖਤਮ ਕਰਨ, ਫਾਰਸ ਦੀ ਖਾੜੀ ਅਤੇ ਹੋਰਮੁਜ਼ ਜਲਡਮਰੂ ਵਿੱਚ ਸਮੁੰਦਰੀ ਸੁਰੱਖਿਆ ਨੂੰ ਯਕੀਨੀ ਬਣਾਉਣ, ਪਾਬੰਦੀਆਂ ਹਟਾਉਣ ਅਤੇ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਕਰਨ ਦੀ ਮੰਗ ਕੀਤੀ ਗਈ ਸੀ। ਇਸ ਹਫ਼ਤੇ ਅਮਰੀਕਾ ਨੇ ਇਰਾਨ ਨੂੰ 14-



ਨੁਕਾਤੀ ਪ੍ਰਸਤਾਵ ਭੇਜਿਆ । ਇਸ ਪ੍ਰਸਤਾਵ ਦੇ ਤਹਿਤ ਇਰਾਨ ਨੂੰ ਘੱਟੋ-ਘੱਟ 12 ਸਾਲਾਂ ਲਈ ਯੂਰੇਨੀਅਮ ਸੰਸ਼ੋਧਨ ਨੂੰ ਰੋਕਣਾ ਪਵੇਗਾ ਅਤੇ ਲਗਭਗ 440 ਕਿਲੋਗ੍ਰਾਮ 60% ਸੰਸ਼ੋਧਿਤ ਯੂਰੇਨੀਅਮ ਅਮਰੀਕਾ ਨੂੰ ਸੌਂਪਣਾ ਪਵੇਗਾ। ਬਦਲੇ ਵਿੱਚ ਅਮਰੀਕਾ ਪਾਬੰਦੀਆਂ ਨੂੰ ਘੱਟ ਕਰੇਗਾ, ਅਰਬਾਂ ਡਾਲਰ ਦੀ ਇਰਾਨੀ ਜਾਇਦਾਦ ਨੂੰ ਜਾਰੀ ਕਰੇਗਾ, ਅਤੇ ਇਰਾਨੀ ਬੰਦਰਗਾਹਾਂ 'ਤੇ ਜਲ ਸੈਨਾ ਦੀ ਨਾਕਾਬੰਦੀ ਹਟਾਏਗਾ। ਜਾਣਕਾਰੀ ਅਨੁਸਾਰ ਇਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ ਅਤੇ ਬਹੁਤ ਜ਼ਿਆਦਾ ਸੰਸ਼ੋਧਿਤ ਯੂਰੇਨੀਅਮ 'ਤੇ ਪੂਰੀ ਤਰ੍ਹਾਂ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ । ਇਰਾਨੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਜਵਾਬ ਸਕਾਰਾਤਮਕ ਅਤੇ ਵਿਹ-ਾਰਕ ਰਿਹਾ ਹੈ, ਅਤੇ ਇਹ ਫੈਸਲਾ ਹੁਣ ਅਮਰੀਕਾ 'ਤੇ ਨਿਰਭਰ ਕਰਦਾ ਹੈ। ਕਿਸੇ ਵੀ ਦੇਸ਼ ਨੇ 8 ਅਪ੍ਰੈਲ ਨੂੰ ਸ਼ੁਰੂ ਹੋਈ ਜੰਗਬੰਦੀ ਦੇ ਅੰਤ ਦਾ ਐਲਾਨ ਨਹੀਂ ਕੀਤਾ ਹੈ।

# ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦੀ ਤਰੀਕ ਦਾ ਐਲਾਨ

## ਨਾਮਜਦਗੀਆਂ 13 ਤੋਂ, 26 ਮਈ ਨੂੰ ਹੋਵੇਗੀ ਵੋਟਿੰਗ, 29 ਮਈ ਨੂੰ ਆਉਣਗੇ ਨਤੀਜੇ

**ਚੰਡੀਗੜ੍ਹ,** । ਪੰਜਾਬ ਰਾਜ ਚੋਣ ਕਮਿਸ਼ਨ ਵਲੋਂ ਪੰਜਾਬ ਵਿੱਚ ਨਗਰ ਨਿਗਮ ਅਤੇ ਨਗਰ ਕੌਂਸਲ ਚੋਣਾਂ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਇਸ ਦੇ ਨਾਲ ਹੀ ਸੂਬੇ ਵਿੱਚ ਚੋਣ ਜ਼ਾਬਤਾ ਵੀ ਲਾਗੂ ਹੋ ਗਿਆ ਹੈ ਜਿਸਦੇ ਚਲਦੇ ਹੁਣ ਪੰਜਾਬ ਸਰਕਾਰ ਕੋਈ ਨਵਾਂ ਐਲਾਨ ਨਹੀਂ ਕਰ ਸਕੇਗੀ। ਸਟੇਟ ਇਲੈਕਸ਼ਨ ਕਮਿਸ਼ਨਰ ਪੰਜਾਬ ਰਾਜ ਕਮਲ ਚੌਧਰੀ ਨੇ ਅੱਜ ਇੱਥੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੀਆਂ ਚੋਣਾਂ ਦਾ ਰਸਮੀ ਐਲਾਨ ਕੀਤਾ। ਚੋਣ ਪ੍ਰੋਗਰਾਮ ਜਾਰੀ ਕਰਦਿਆਂ ਉਹਨਾਂ ਦੱਸਿਆ ਕਿ ਚੋਣਾਂ ਲਈ ਨਾਮਜ਼ਦਗੀਆਂ 13 ਮਈ ਤੋਂ ਸ਼ੁਰੂ ਹੋਣਗੀਆਂ ਅਤੇ 16 ਮਈ ਨਾਮਜ਼ਦਗੀਆਂ ਲਈ ਆਖਰੀ ਦਿਨ ਹੋਵੇਗਾ। ਇਸ ਸੰਬੰਧੀ 26 ਮਈ ਨੂੰ ਵੋਟਾਂ ਪਾਈਆਂ ਜਾਣਗੀਆਂ ਅਤੇ ਵੋਟਾਂ ਦੀ ਗਿਣਤੀ 29 ਮਈ ਨੂੰ ਕੀਤੀ ਜਾਵੇਗੀ ਜਿਸਤੋਂ ਬਾਅਦ ਨਤੀਜਿਆਂ ਦਾ ਐਲਾਨ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਚੋਣਾਂ ਨੂੰ ਲੈ ਕੇ ਤਿਆਰੀਆਂ ਪੂਰੀਆਂ ਹਨ। ਇਸ ਚੋਣ ਪ੍ਰੋਗਰਾਮ ਦੇ ਤਹਿਤ ਪੰਜਾਬ ਦੀਆਂ 9 ਨਗਰ ਨਿਗਮਾਂ ਅਤੇ




104 ਮਿਉਂਸਪਲ ਕਮੇਟੀਆਂ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਪੰਜਾਬ ਵਿੱਚ ਕੁੱਲ 36,72,932 ਵੋਟਰ ਹਨ। ਚੋਣ ਕਮਿਸ਼ਨਰ ਸ੍ਰੀ ਰਾਜ ਕਮਲ ਚੌਧਰੀ ਨੇ ਦੱਸਿਆ ਕਿ ਇਸ ਬਾਰੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਚੋਣ ਲੜਣ ਵਾਲੇ ਉਮੀਦਵਾਰਾਂ ਨੂੰ ਆਪਣੀ ਪ੍ਰਾਪਰਟੀ ਦਾ ਵੇਰਵਾ ਦੇਣਾ ਪਵੇਗਾ। ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰ ਤੋਂ ਲੈ ਕੇ ਸਾਰੇ ਪੱਤਰ ਕਮਿਸ਼ਨ ਦੀ ਵੈਬਸਾਈਟ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਉਹਨਾਂ ਦੱਸਿਆ ਕਿ ਇਹਨਾਂ ਚੋਣਾਂ ਲਈ ਕਰਜੇ ਦੀ ਹੱਦ ਵੀ ਤੈਅ ਕੀਤੀ ਗਈ ਹੈ। ਨਗਰ ਨਿਗਮ ਦੀ ਚੋਣ ਲਈ ਉਮੀਦਵਾਰ 4 ਲੱਖ ਰੁਪਏ ਤਕ ਖਰਚਾ ਕਰ ਸਕੇਗਾ ਜਦੋਂਕਿ ਨਗਰ ਕੌਂਸਲ ਲਈ ਖਰਚੇ ਦੀ ਹੱਦ 3 ਲੱਖ ਰੁਪਏ ਅਤੇ ਨਗਰ ਪੰਚਾਇਤ ਲਈ 1 ਲੱਖ 40 ਹਜ਼ਾਰ ਰੁਪਏ ਤੈਅ ਕੀਤੀ ਗਈ ਹੈ। ਚੋਣ ਕਮਿਸ਼ਨਰ ਨੇ ਦੱਸਿਆ ਕਿ ਚੋਣਾਂ ਕਰਵਾਉਣ ਲਈ 36 ਹਜ਼ਾਰ ਮੁਲਾਜ਼ਮ ਤਾਇਨਾਤ ਕੀਤੀ ਜਾਣਗੇ ਜਦੋਂ ਕਿ 35,500 ਪੁਲੀਸ ਮੁਲਾਜ਼ਮ ਤਾਇਨਾਤ ਰਹਿਣਗੇ। ਨਾਮਜ਼ਦਗੀ ਪੱਤਰ ਭਰਨ ਸਮੇਂ ਵੀਡੀਓਗ੍ਰਾਫੀ ਕੀਤੀ ਜਾਵੇਗੀ। ਰਿਟਰਨਿੰਗ ਅਫਸਰ ਕੋਲ ਨਾਮਜ਼ਦਗੀ ਪੱਤਰ ਦਾਖਲਾ ਕਰ ਲਈ ਉਮੀਦਵਾਰ ਖੁਦ ਜਾਂ ਉਸਦੇ ਚਾਰ ਪ੍ਰਪੋਜ਼ਰ ਆ ਸਕਣਗੇ ਰਿਟਰਨਿੰਗ ਅਫਸਰ ਕੋਲ ਸਿਰਫ ਚਾਰ ਵਿਅਕਤੀ ਹੀ ਆ ਸਕਣਗੇ।

# ਪੰਜਾਬ ਸਕੂਲ ਸਿਖਿਆ ਬੋਰਡ ਵਲੋਂ 10ਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ

## ਜੈਤੋ ਦੀ ਹਰਲੀਨ 99.38 ਫੀਸਦੀ ਅੰਕਾਂ ਨਾਲ ਪੰਜਾਬ ਭਰ ਵਿੱਚੋਂ ਅੱਵਲ, 2.54 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਬੋਰਡ ਪ੍ਰੀਖਿਆ ਪਾਸ ਕੀਤੀ







**ਐਸ ਏ ਐਸ ਨਗਰ।** ਪੰਜਾਬ ਸਕੂਲ ਸਿਖਿਆ ਬੋਰਡ ਵਲੋਂ 10ਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਬੋਰਡ ਵੱਲੋਂ ਅੱਜ ਐਲਾਨੇ ਗਏ 10ਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਸਵਤੀ ਸੀਨੀਅਰ ਸੈਕੰਡਰੀ ਸਕੂਲ, ਜੈਤੋ (ਫ਼ਰੀਦਕੋਟ) ਦੀ ਵਿਦਿਆਰਥਣ ਹਰਲੀਨ ਸ਼ਰਮਾ ਨੇ 650 ਵਿੱਚੋਂ 646 ਅੰਕ (99.38 ਫੀਸਦੀ) ਪ੍ਰਾਪਤ ਕਰਕੇ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਬੇਹੱਦ ਸਖ਼ਤ ਮੁਕਾਬਲੇ ਵਿੱਚ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਚਨੌਲੀ ਬਸੀ (ਰੂਪਨਗਰ) ਦੇ ਮਨੀਮਹੇਸ਼ ਸ਼ਰਮਾ ਨੇ 650 ਵਿੱਚੋਂ 645 ਅੰਕ (99.23 ਫੀਸਦੀ) ਹਾਸਲ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ, ਚੀਫ਼ ਖ਼ਾਲਸਾ ਦੀਵਾਨ, ਮਾਡਲ ਟਾਊਨ, ਹੁਸ਼ਿਆਰਪੁਰ ਦੀ ਰੀਆ ਰਾਨੀ ਨੇ 650 ਵਿੱਚੋਂ 645 ਅੰਕ (99.23 ਫੀਸਦੀ) ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।

ਇਹਨਾਂ ਨਤੀਜਿਆਂ ਦੌਰਾਨ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਹਿਰੀ ਸਕੂਲਾਂ ਦੇ ਮੁਕਾ-ਬਲੇ ਬਿਹਤਰ ਰਿਹਾ ਹੈ। ਪੇਂਡੂ ਖੇਤਰਾਂ ਵਿੱਚ ਪਾਸ ਦਰ 95.35 ਫੀਸਦੀ ਦਰਜ ਕੀਤੀ ਗਈ ਹੈ ਜਦੋਂਕਿ ਸ਼ਹਿਰੀ ਖੇਤਰਾਂ ਵਿੱਚ ਇਹ 92.98 ਫੀਸਦੀ ਰਹੀ ਹੈ। ਸਿਖਿਆ ਬੋਰਡ ਵਲੋਂ ਜਾਰੀ ਜਾਣਕਾਰੀ ਅਨੁਸਾਰ 10ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ 2,69,505 ਵਿਦਿਆਰਥੀ ਬੈਠੇ ਸਨ, ਜਿਨ੍ਹਾਂ ਵਿੱਚੋਂ 2,54,744 ਵਿਦਿਆਰਥੀ ਪਾਸ ਹੋਏ ਹਨ, ਜਿਸ ਨਾਲ ਕੁੱਲ ਪਾਸ ਪ੍ਰਤੀਸ਼ਤਤਾ 94.52ਫੀਸਦੀ ਰਹੀ ਹੈ। ਪੇਂਡੂ ਖੇਤਰ ਦੇ 1,74,958 ਵਿਦਿਆਰਥੀਆਂ ਵਿੱਚੋਂ 1,66,830 ਪਾਸ ਹੋਏ, ਜਿਨ੍ਹਾਂ ਦੀ ਪਾਸ ਦਰ 95.35 ਫੀਸਦੀ ਹੈ ਜਦੋ.ਕਿ ਸ਼ਹਿਰੀ ਖੇਤਰਾਂ ਵਿੱਚ 94,547 ਵਿਦਿਆਰਥੀਆਂ ਵਿੱਚੋਂ 87,914 ਵਿਦਿਆਰਥੀ ਪਾਸ ਹੋਏ, ਜਿਸ ਨਾਲ ਉਨ੍ਹਾਂ ਦੀ ਪਾਸ ਦਰ 92.98 ਹੈ ਫੀਸਦੀ ਦਰਜ ਕੀਤੀ ਗਈ ਹੈ।

# ਡੂੰਘੀ ਖੱਡ ਵਿੱਚ ਕਾਰ ਡਿੱਗਣ ਕਾਰਨ 6 ਵਿਅਕਤੀਆਂ ਦੀ ਮੌਤ, 4 ਗੰਭੀਰ ਜ਼ਖਮੀ

**ਬਕਲੋਹ।** ਚੰਬਾ-ਪਠਾਨਕੋਟ ਰਾਸ਼ਟਰੀ ਰਾਜਮਾਰਗ ਤੇ ਅੱਜ ਤੜਕੇ ਇੱਕ ਸੜਕ ਹਾਦਸੇ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ ਚਾਰ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਹਾਦਸਾ ਤੁਨੂਹੱਟੀ ਖੇਤਰ ਦੇ ਕਾਕੀਰਾ ਘਾਰ ਦੇ ਕੋਲ ਬੀਤੀ ਰਾਤ ਕਰੀਬ ਤਿੰਨ ਵਜੇ ਵਾਪਰਿਆ, ਜਦੋਂ ਧਰਮਸ਼ਾਲਾ ਤੋਂ ਡਲਹੌਜ਼ੀ ਵੱਲ ਜਾ ਰਹੀ ਇੱਕ ਟੈਕਸੀ ਇਨੋਵਾ ਬੇਕਾਬੂ ਹੋ ਕੇ ਕਰੀਬ 150 ਮੀਟਰ ਡੂੰਘੀ ਖੱਡ ਵਿੱਚ ਜਾ ਡਿੱਗੀ। ਪ੍ਰਾਪਤ ਜਾਣਕਾਰੀ ਅਨੁਸਾਰ ਵਾਹਨ ਵਿੱਚ ਕੁੱਲ ਦਸ ਲੋਕ ਸਵਾਰ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੈਲਾਨੀ ਗੁਜਰਾਤ ਦੇ ਦੱਸੇ ਜਾ ਰਹੇ ਹਨ। ਹਾਦਸੇ ਦੇ ਸਮੇਂ ਖੇਤਰ ਵਿੱਚ ਭਾਰੀ ਬਾਰਿਸ਼ ਹੋ ਰਹੀ ਸੀ, ਜਿਸ ਕਾਰਨ ਸੜਕ ਕਾਫੀ ਤਿਲਕਣ ਵਾਲੀ ਬਣੀ ਹੋਈ ਸੀ। ਖ਼ਦਸ਼ਾ ਜਤਾਇਆ ਜਾ ਰਹੀ ਹੈ ਕਿ ਖ਼ਰਾਬ ਮੌਸਮ ਅਤੇ ਤਿਲਕਣ ਹਾਦਸੇ ਦਾ ਵੱਡਾ ਕਾਰਨ ਹੋ ਸਕਦੀ ਹੈ। ਸਥਾਨਕ ਲੋਕਾਂ ਨੇ



ਹਾਦਸੇ ਦੀ ਆਵਾਜ਼ ਸੁਣ ਕੇ ਤੁਰੰਤ ਪੁਲੀਸ ਅਤੇ ਪ੍ਰਸ਼ਾਸਨ ਨੂੰ ਸੂਚਨਾ ਦਿੱਤੀ। ਇਸ ਤੋਂ ਬਾਅਦ ਪੁਲੀਸ, ਸਥਾਨਕ ਪ੍ਰਸ਼ਾਸਨ ਅਤੇ ਰਾਹਤ-ਬਚਾਅ ਟੀਮਾਂ ਮੌਕੇ ਤੇ ਪਹੁੰਚੀਆਂ ਅਤੇ ਹਨੇਰੇ ਤੇ ਬਾਰਿਸ਼ ਦੇ ਵਿਚਕਾਰ ਰਾਹਤ ਕਾਰਜ ਸ਼ੁਰੂ ਕੀਤੇ ਗਏ। ਕਾਫੀ ਮੁਸ਼ੱਕਤ ਤੋਂ ਬਾਅਦ ਜ਼ਖ਼ਮੀਆਂ ਅਤੇ ਲਾਸ਼ਾਂ ਨੂੰ ਖੱਡ ਵਿੱਚੋਂ ਬਾਹਰ ਕੱਢਿਆ ਗਿਆ। ਜ਼ਖ਼ਮੀਆਂ ਨੂੰ ਮੁਢਲੀ ਸਹਾਇਤਾ ਤੋਂ ਬਾਅਦ ਗੰਭੀਰ ਹਾਲਤ ਕਾਰਨ ਮੈਡੀਕਲ ਕਾਲਜ ਟਾਂਡਾ ਰੈਫ਼ਰ ਕਰ ਦਿੱਤਾ ਗਿਆ ਹੈ। ਮ੍ਰਿਤਕਾਂ ਦੀ ਪਛਾਣ ਦੀ ਪ੍ਰਕਿਰਿਆ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਦੁਰਘਟਨਾਗ੍ਰਸਤ ਵਾਹਨ ਮੰਡੀ ਨੰਬਰ ਦੀ ਟੈਕਸੀ ਇਨੋਵਾ ਸੀ। ਪੁਲੀਸ ਸੁਪਰਡੈਂਟ ਵਿਜੇ ਕੁਮਾਰ ਸਕਲਾਨੀ ਨੇ ਕਿਹਾ ਕਿ ਪੁਲੀਸ ਨੇ ਮਾਮਲਾ ਦਰਜ ਕਰਕੇ ਦੁਰਘਟਨਾ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਸ਼ਾਸਨ ਵੱਲੋਂ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੇ ਪਰਿਵਾਰਾਂ ਨੂੰ ਸੂਚਨਾ ਦੇਣ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ। ਕਾਕੀਰਾ ਘਾਰ ਦੇ ਕੋਲ ਹੋਏ ਦਰਦਨਾਕ ਸੜਕ ਹਾਦਸੇ ਦੀ ਸੂਚਨਾ ਮਿਲਦੇ ਹੀ ਪੁਲੀਸ ਟੀਮ ਨੂੰ ਮੌਕੇ ਤੇ ਭੇਜ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਮੈਂ ਖੁਦ ਵੀ ਘਟਨਾ ਵਾਲੀ ਥਾਂ ਤੇ ਪਹੁੰਚਿਆ ਅਤੇ ਹਾਦਸੇ ਦੇ ਕਾਰਨਾਂ ਦਾ ਜਾਇਜ਼ਾ ਲਿਆ। ਮੁੱਢਲੀ ਜਾਂਚ ਵਿੱਚ ਖ਼ਰਾਬ ਮੌਸਮ, ਭਾਰੀ ਬਾਰਿਸ਼ ਅਤੇ ਸੜਕ ਤੇ ਤਿਲਕਣ ਹਾਦਸੇ ਦੇ ਸੰਭਾਵਿਤ ਕਾਰਨ ਸਾਹਮਣੇ ਆ ਰਹੇ ਹਨ। ਪੁਲੀਸ ਵੱਲੋਂ ਰਾਹਤ ਅਤੇ ਬਚਾਅ ਕਾਰਜ ਤੁਰੰਤ ਸ਼ੁਰੂ ਕੀਤੇ ਗਏ ਅਤੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਮਾਮਲੇ ਦੀ ਵਿਸਤ੍ਰਿਤ ਜਾਂਚ ਜਾਰੀ ਹੈ।

## ਮੁੱਖ ਮੰਤਰੀ ਬਣਦਿਆਂ ਹੀ ਵਿਜੇ ਦਾ ਤਾਮਿਲਨਾਡੂ ਦੀ ਜਨਤਾ ਨੂੰ ਵੱਡਾ ਤੋਹਫ਼ਾ

### ਹਰ ਮਹੀਨੇ ਮਿਲੇਗੀ 200 ਯੂਨਿਟ ਮੁਫ਼ਤ ਬਿਜਲੀ



**ਚੇਨਈ:** ਮੁੱਖ ਮੰਤਰੀ ਬਣਦੇ ਹੀ ਸੀਐਮ ਵਿਜੇ ਨੇ ਤਾਮਿਲਨਾਡੂ ਦੀ ਜਨਤਾ ਨੂੰ ਵੱਡਾ ਤੋਹਫ਼ਾ ਦਿੱਤਾ ਹੈ। ਚੇਨਈ ਦੇ ਨਹਿਰੂ ਇੰਡੋਰ ਸਟੇਡੀਅਮ ਵਿੱਚ ਸਹੁੰ ਚੁੱਕਣ ਤੋਂ ਬਾਅਦ, ਉਨ੍ਹਾਂ ਨੇ ਘਰੇਲੂ ਖਪਤਕਾਰਾਂ ਲਈ 200 ਯੂਨਿਟ ਤੱਕ ਮੁਫ਼ਤ ਬਿਜਲੀ ਅਤੇ ਔਰਤਾਂ ਦੀ ਸੁਰੱਖਿਆ ਲਈ ਇੱਕ ਵਿਸ਼ੇਸ਼ ਬਲ ਦੇ ਗਠਨ ਵਾਲੀ ਫਾਈਲ 'ਤੇ ਦਸਤਖਤ ਕੀਤੇ।ਤਾਮਿਲਨਾਡੂ ਵਿੱਚ ਅੱਜ ਤੋਂ ਨਵੀਂ ਸਰਕਾਰ ਦਾ ਗਠਨ ਹੋ ਗਿਆ ਹੈ। ਡ਼ਛਖ ਅਤੇ IUML ਦੇ ਸਮਰਥਨ ਤੋਂ ਬਾਅਦ ਹੁਣ ਥਲਪਤੀ ਵਿਜੇ ਦੀ ਪਾਰਟੀ ਟੀਵੀਕੇ (TVK) ਨੇ ਸਰਕਾਰ ਬਣਾ ਲਈ ਹੈ। ਥਲਪਤੀ ਵਿਜੇ ਨੇ ਅੱਜ ਸਵੇਰੇ 10 ਵਜੇ ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। ਉਨ੍ਹਾਂ ਦੇ ਨਾਲ TVK ਦੇ ਨੌਂ ਵਿਧਾਇਕਾਂ ਨੇ ਵੀ ਮੰਤਰੀ ਵਜੋਂ ਸਹੁੰ ਚੁੱਕੀ। ਵਿਜੇ ਦੇ ਸਹੁੰ ਚੁੱਕ ਸਮਾਗਮ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵੀ ਸ਼ਾਮਲ ਹੋਏ। ਥਲਪਤੀ ਵਿਜੇ ਦਾ ਸਹੁੰ ਚੁੱਕ ਸਮਾਗਮ 10 ਮਈ ਨੂੰ ਸਵੇਰੇ 10 ਵਜੇ ਚੇਨਈ ਦੇ ਨਹਿਰੂ ਸਟੇਡੀਅਮ ਵਿੱਚ ਹੋਇਆ।

## ਪੰਚਕੂਲਾ ਤੋਂ ਹਿਸਾਰ ਜਾ ਰਹੀ ਬੱਸ ਨਰਵਾਣਾ ਵਿੱਚ ਪਲਟੀ, ਹਾਦਸੇ 'ਚ ਡਰਾਈਵਰ ਸਮੇਤ ਕਈ ਸਵਾਰੀਆਂ ਜ਼ਖਮੀ

### ਸਕੂਟੀ ਸਵਾਰ ਨੂੰ ਬਚਾਉਂਦੇ ਹੋਏ ਬੇਕਾਬੂ ਹੋਈ ਬੱਸ, ਰੈਸਟ ਹਾਊਸ ਦੀ ਕੰਧ ਤੋੜ ਕੇ ਪਲਟੀ

**ਜੀਂਦ / ਨਰਵਾਣਾ:** ਨਰਵਾਣਾ ਵਿੱਚ ਉਸ ਸਮੇਂ ਵੱਡਾ ਹਾਦਸਾ ਵਾਪਰ ਗਿਆ ਜਦੋਂ ਪੰਚਕੂਲਾ ਤੋਂ ਹਿਸਾਰ ਜਾ ਰਹੀ ਕਿਲੋਮੀਟਰ ਸਕੀਮ ਦੀ ਬੱਸ ਨੈਸ਼ਨਲ ਹਾਈਵੇਅ ਦਿੱਲੀ-ਪਟਿਆਲਾ ਮਾਰਗ 'ਤੇ ਬੇਕਾਬੂ ਹੋ ਕੇ ਪਲਟ ਗਈ। ਦੱਸਿਆ ਜਾ ਰਿਹਾ ਹੈ ਕਿ ਬੱਸ ਦੇ ਸਾਹਮਣੇ ਇੱਕ ਸਕੂਟੀ ਸਵਾਰ ਆ ਗਿਆ ਸੀ, ਜਿਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਬੱਸ ਹਾਈਵੇਅ ਅਤੇ ਲਿੰਕ ਰੋਡ ਪਾਰ ਕਰਨ ਤੋਂ ਬਾਅਦ ਹਰਿਅਲ ਰੈਸਟ ਹਾਊਸ ਦੀ ਕੰਧ ਤੋੜ ਕੇ ਪਲਟ ਗਈ। ਹਾਦਸੇ ਵਿੱਚ ਡਰਾਈਵਰ ਸਮੇਤ ਕਰੀਬ ਦਰਜਨ ਭਰ ਸਵਾਰੀਆਂ ਜ਼ਖਮੀ ਹੋ ਗਈਆਂ, ਜਿਨ੍ਹਾਂ ਨੂੰ ਰਾਹਗੀਰਾਂ ਦੀ ਮਦਦ ਨਾਲ ਨਰਵਾਣਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸੂਚਨਾ ਮਿਲਦੇ ਹੀ ਸਿਟੀ ਥਾਣਾ ਮੁਖੀ ਪੂਰਨ ਦਾਸ ਪੁਲਿਸ ਟੀਮ ਸਮੇਤ ਮੌਕੇ 'ਤੇ ਪਹੁੰਚੇ ਅਤੇ ਕ੍ਰੇਨ ਦੀ ਮਦਦ ਨਾਲ ਬੱਸ ਨੂੰ ਹਟਵਾ ਕੇ ਰਸਤਾ ਖੁਲ੍ਹਵਾਇਆ। ਪੰਚਕੂਲਾ ਤੋਂ ਹਿਸਾਰ ਜਾ ਰਹੀ ਕਿਲੋਮੀਟਰ ਸਕੀਮ ਦੀ ਬੱਸ ਜਿਵੇਂ ਹੀ ਨਰਵਾਣਾ ਦੇ ਕੋਲ ਪਹੁੰਚੀ ਤਾਂ ਅਚਾਨਕ ਸਾਹਮਣੇ ਆਏ




ਸਕੂਟੀ ਸਵਾਰ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਡਰਾਈਵਰ ਬੱਸ ਤੋਂ ਕੰਟਰੋਲ ਖੋ ਬੈਠਾ। ਤੇਜ਼ ਰਫ਼ਤਾਰ ਬੱਸ ਸੜਕ ਕਿਨਾਰੇ ਬਣੇ ਹਰਿਅਲ ਰੈਸਟ ਹਾਊਸ ਦੀ ਕੰਧ ਤੋੜ ਕੇ ਪਲਟ ਗਈ। ਘਟਨਾ ਦੀ ਸੂਚਨਾ ਮਿਲਦੇ ਹੀ ਸਿਟੀ ਐਸ.ਐਚ.ਓ. ਪੂਰਨ ਦਾਸ ਪੁਲਿਸ ਫੋਰਸ ਸਮੇਤ ਮੌਕੇ 'ਤੇ ਪਹੁੰਚੇ। ਪੁਲਿਸ ਨੇ ਦੋ ਕ੍ਰੇਨਾਂ ਦੀ ਮਦਦ ਨਾਲ ਪਲਟੀ ਹੋਈ ਬੱਸ ਨੂੰ ਸਿੱਧਾ ਕਰਵਾ ਕੇ ਸੜਕ ਤੋਂ ਹਟਾਇਆ, ਜਿਸ ਤੋਂ ਬਾਅਦ ਆਵਾਜਾਈ ਸੁਚਾਰੂ ਹੋ ਸਕੀ। ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ। ਐਸ.ਐਚ.ਓ. ਪੂਰਨ ਦਾਸ ਮੁਤਾਬਕ "ਸਾਨੂੰ ਸੂਚਨਾ ਮਿਲੀ ਸੀ ਕਿ ਪੰਚਕੂਲਾ ਤੋਂ ਹਿਸਾਰ ਜਾ ਰਹੀ ਇੱਕ ਕਿਲੋਮੀਟਰ ਸਕੀਮ ਵਾਲੀ ਬੱਸ ਨਰਵਾਣਾ ਵਿੱਚ ਪਲਟ ਗਈ ਹੈ। ਮੌਕੇ 'ਤੇ ਪਹੁੰਚ ਕੇ ਰਾਹਤ ਕਾਰਜ ਸ਼ੁਰੂ ਕਰਵਾਏ ਗਏ। ਹਾਦਸੇ ਵਿੱਚ ਕੁਝ ਸਵਾਰੀਆਂ ਨੂੰ ਸੱਟਾਂ ਲੱਗੀਆਂ ਹਨ, ਜਿਨ੍ਹਾਂ ਦਾ ਇਲਾਜ ਸਿਵਲ ਹਸਪਤਾਲ ਵਿੱਚ ਚੱਲ ਰਿਹਾ ਹੈ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਸਕੂਟੀ ਸਵਾਰ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਬੱਸ ਬੇਕਾਬੂ ਹੋ ਗਈ ਸੀ। ਬੱਸ ਨੂੰ ਕ੍ਰੇਨ ਦੀ ਮਦਦ ਨਾਲ ਹਟਵਾ ਕੇ ਆਵਾਜਾਈ ਬਹਾਲ ਕਰ ਦਿੱਤੀ ਗਈ ਹੈ।"


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484


## ਲੁਧਿਆਣਾ ਵਿਚ ਪਿਓ ਨੇ ਪੁੱਤ ਦਾ ਗੋਲੀ ਮਾਰ ਕੇ ਕੀਤਾ ਕਤਲ, ਫਿਰ ਕੀਤੀ ਖ਼ੁਦਕੁਸ਼ੀ



**ਲੁਧਿਆਣਾ।** ਲੁਧਿਆਣਾ ਤੋਂ ਦਿਲ ਨੂੰ ਝੰਜੋੜ ਕੇ ਰੱਖ ਦੇਣ ਵਾਲੀ ਖਬਰ ਸਾਹਮਣੇ ਆਈ ਹੈ, ਇਥੇ ਬੀਤੀ ਦੇਰ ਰਾਤ ਘਰੇਲੂ ਵਿਵਾਦ ਨੂੰ ਲੈ ਕੇ ਰਿਟਾਇਰ ਫੌਜੀ ਪਿਤਾ ਨੇ ਆਪਣੇ ਹੀ ਪੁੱਤਰ ਨੂੰ ਗੋਲੀ ਮਾਰ ਦਿੱਤੀ ਜਿਸ ਦੌਰਾਨ ਪੁੱਤਰ ਦੀ ਮੌਕੇ 'ਤੇ ਮੌਤ ਹੋ ਗਈ। ਮ੍ਰਿਤਕ ਪੁੱਤ ਦੀ ਪਛਾਣ ਗੁਰਸ਼ਰਨ ਸਿੰਘ ਵਜੋਂ ਹੋਈ ਹੈ। ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਪਿਤਾ ਸੁਰਿੰਦਰ ਸਿੰਘ ਨੇ ਆਪ ਵੀ ਜ਼ਹਿਰ ਖਾ ਲਿਆ ਜਿਸ ਦੇ ਨਾਲ ਪਿਤਾ ਦੀ ਵੀ ਮੌਤ ਹੋ ਗਈ। ਪਤਨੀ ਦੀ ਮੌਤ ਤੋਂ ਬਾਅਦ ਪਿਤਾ ਦੂਸਰਾ ਵਿਆਹ ਕਰਵਾਉਣਾ ਚਾਹੁੰਦਾ ਸੀ ਜਿਸ ਕਾਰਨ ਪੁੱਤਰ ਅਕਸਰ ਇਸ ਦਾ ਵਿਰੋਧ ਕਰਦਾ ਸੀ ਅਤੇ ਕਈ ਵਾਰ ਇਸ ਨੂੰ ਲੈ ਕੇ ਵਿਵਾਦ ਹੁੰਦਾ ਸੀ। ਫਿਲਹਾਲ ਪੁਲਿਸ ਨੇ ਦੋਵੇਂ ਮ੍ਰਿਤਕ ਦੇਹਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਵਿਦੇਸ਼ ਵਿੱਚ ਰਹਿ ਰਹੇ ਪਰਿਵਾਰ ਨੂੰ ਸੂਚਨਾ ਦੇ ਦਿੱਤੀ ਹੈ।


Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com



ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।



ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander

Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਗੁਰਦਾਸਪੁਰ ’ਚ ਭੇਤਭਰੇ ਹਾਲਾਤ ਵਿੱਚ ਵਿਆਹੁਤਾ ਦੀ ਮੌਤ



**ਗੁਰਦਾਸਪੁਰ:** ਗੁਰਦਾਸਪੁਰ ਦੇ ਪਿੰਡ ਦਾਰਾਪੁਰ ਦੀ 26 ਸਾਲਾ ਵਿਆਹੁਤਾ ਦੀ ਭੇਦ ਭਰੇ ਹਾਲਾਤਾਂ ਵਿੱਚ ਮੌਤ ਹੋ ਜਾਣ ਤੋਂ ਬਾਅਦ ਮ੍ਰਿਤਕਾ ਦੇ ਪੇਕਾ ਪਰਿਵਾਰ ਵੱਲੋਂ ਮ੍ਰਿਤਕਾ ਦੇ ਘਰ ਵਾਲੇ ਦਰਾਣੀ ਅਤੇ ਜੇਠ ਤੇ ਕਤਲ ਕਰਨ ਦਾ ਸ਼ੱਕ ਜਤਾਇਆ ਹੈ। ਉੱਥੇ ਹੀ ਪੁਲਿਸ ਵੱਲੋਂ ਮਾਮਲਾ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ ਆਉਣ ਤੋਂ ਬਾਅਦ ਹੀ ਸੱਚਾਈ ਸਾਹਮਣੇ ਆਉਣ ਦੀ ਗੱਲ ਕਹੀ ਜਾ ਰਹੀ ਹੈ। ਮ੍ਰਿਤਕਾ ਜਿੰਦਰ ਦੇ ਪੇਕੇ ਪਰਿਵਾਰ ਦਾ ਕਹਿਣਾ ਕਿ ਜਿੰਦਰ ਦੇ ਕੋਈ ਵੀ ਔਲਾਦ ਨਹੀਂ ਸੀ ਇਸ ਕਾਰਨ ਸ਼ਰਾਬ ਚ ਟੱਲੀ ਹੋ ਕੇ ਅਕਸਰ ਹੀ ਉਸ ਦਾ ਪਤੀ ਉਸਦੀ ਮਾਰ ਕੁਟਾਈ ਕਰਦਾ ਰਹਿੰਦਾ ਸੀ ਅਤੇ ਹੋਰ ਵਿਆਹ ਕਰਾਉਣ ਦੀਆਂ ਗੱਲਾਂ ਵੀ ਕਰਦਾ ਸੀ। ਕੁੜੀ ਦੀ ਮੌਤ ਤੋਂ ਬਾਅਦ ਉਹ ਘਰ ਤੋਂ ਫਰਾਰ ਹੋ ਗਿਆ ਹੈ। ਜਿਸ ਕਾਰਨ ਉਹਨਾਂ ਦੇ ਸ਼ੱਕ ਦਾ ਘੇਰਾ ਹੋਰ ਵਧਿਆ ਹੈ। ਉਹਨਾਂ ਨੇ ਇਹ ਦਾਅਵਾ ਵੀ ਕੀਤਾ ਹੈ ਕਿ ਮ੍ਰਿਤਕਾ ਦੇ ਗਲੇ ਅਤੇ ਬਾਂਹ ’ਤੇ ਮਾਰਕੁਟਾਈ ਦੇ ਨਿਸ਼ਾਨ ਹਨ।ਦੂਜੇ ਪਾਸੇ ਸਬੰਧਤ ਡੀਐਸਪੀ ਕੁਲਵੰਤ ਸਿੰਘ ਮਾਨ ਦਾ ਕਹਿਣਾ ਹੈ ਕਿ ਮ੍ਰਿਤਕਾ ਜਿੰਦਰ ਦੇ ਪੇਕਾ ਪਰਿਵਾਰ ਨੇ ਸ਼ੱਕ ਜਤਾਇਆ ਹੈ ਕਿ ਜਿੰਦਰ ਦਾ ਕਤਲ ਕੀਤਾ ਗਿਆ ਹੈ ਜਾਂ ਫਿਰ ਉਸ ਦੀ ਮੌਤ ਮਾਰ ਕੁਟਾਈ ਕਰਨ ਹੋਈ ਮ੍ਰਿਤਕਾ ਦੇ ਪਰਿਵਾਰ ਦੇ ਬਿਆਨ ਲੈਕੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਜੇਕਰ ਕੁਝ ਅਜਿਹਾ ਨਿਕਲਿਆ ਤਾਂ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਏਗੀ।

# ਹਿਮਾਚਲ ਵਿੱਚ ਤੂਫ਼ਾਨ ਨੇ ਮਚਾਈ ਤਬਾਹੀ, ਕੁੱਲੂ ਵਿਚ 5 ਘਰਾਂ ਦੀਆਂ ਉੱਡੀਆਂ ਛੱਤਾਂ



**ਹਿਮਾਚਲ।**ਦੋ ਦਿਨਾਂ ਦੀ ਰਾਹਤ ਤੋਂ ਬਾਅਦ, ਹਿਮਾਚਲ ਪ੍ਰਦੇਸ਼ ਵਿੱਚ ਮੌਸਮ ਫਿਰ ਬਦਲ ਗਿਆ ਹੈ। ਬੀਤੀ ਰਾਤ (10 ਮਈ) ਨੂੰ ਕਈ ਹਿੱਸਿਆਂ ਵਿੱਚ ਤੂਫ਼ਾਨ ਆਉਣ ਨਾਲ ਭਾਰੀ ਮੀਂਹ ਪਿਆ। ਤੂਫ਼ਾਨ ਨਾਲ ਕੁੱਲੂ ਦੇ ਬੰਜਾਰ ਖੇਤਰ ਵਿੱਚ ਪੰਜ ਰਿਹਾਇਸ਼ੀ ਘਰ ਅਤੇ ਸੱਤ ਤੋਂ ਵੱਧ ਗਊਸ਼ਾਲਾਵਾਂ ਦੀਆਂ ਛੱਤਾਂ ਉੱਡ ਗਈਆਂ। ਤੂਫ਼ਾਨ ਨੇ ਕਾਂਗੜਾ ਅਤੇ ਸ਼ਿਮਲਾ ਦੇ ਕਈ ਇਲਾਕਿਆਂ ਵਿੱਚ ਦਰੱਖ਼ਤ ਅਤੇ ਬਿਜਲੀ ਦੇ ਖੰਭੇ ਵੀ ਉਖਾੜ ਦਿੱਤੇ। ਮੌਸਮ ਵਿਭਾਗ ਦੇ ਅਨੁਸਾਰ, ਗੁਲੇਡ ਵਿੱਚ ਕੱਲ੍ਹ ਰਾਤ 41.2 ਮਿਲੀਮੀਟਰ, ਪੰਡੋਹ ਵਿੱਚ 41 ਮਿਲੀਮੀਟਰ ਅਤੇ ਕਾਂਗੜਾ ਵਿੱਚ 32.4 ਮਿਲੀਮੀਟਰ ਮੀਂਹ ਪਿਆ। ਕਾਂਗੜਾ ਵਿੱਚ, ਤੂਫਾਨ ਕਾਰਨ ਪੰਜ ਘੰਟੇ ਬਿਜਲੀ ਬੰਦ ਰਹੀ, ਜਿਸ ਕਾਰਨ ਕਈ ਇਲਾਕਿਆਂ ਵਿੱਚ ਦਰੱਖ਼ਤ ਡਿੱਗ ਗਏ। ਸ਼ਿਮਲਾ, ਮੰਡੀ, ਹਮੀਰਪੁਰ, ਸੋਲਨ ਅਤੇ ਕੁੱਲੂ ਜ਼ਿਲ੍ਹਿਆਂ ਵਿੱਚ ਵੀ ਰਾਤ ਭਰ ਮੀਂਹ ਪਿਆ। ਭਾਰੀ ਮੀਂਹ ਤੋਂ ਬਾਅਦ ਸ਼ਿਮਲਾ ਦੇ ਰਾਮਪੁਰ ਵਿੱਚ ਗਨਵੀ ਖੱਡ ਦੇ ਪਾਣੀ ਦਾ ਪੱਧਰ ਅਚਾਨਕ ਵੱਧ ਗਿਆ। ਇਸ ਕਾਰਨ ਇੱਕ ਬੋਲੇਰੋ ਗੱਡੀ ਉਸ ਵਿੱਚ ਫਸ ਗਈ ਅਤੇ ਸੜਕ ਧੱਸ ਗਈ। ਇਸ ਤੋਂ ਬਾਅਦ ਮੌਕੇ 'ਤੇ ਪਹੁੰਚੇ ਲੋਕਾਂ ਨੇ ਬਚਾਅ ਕਾਰਜ ਕੀਤੇ ਅਤੇ ਗੱਡੀ ਅਤੇ ਡਰਾਈਵਰ ਨੂੰ ਸੁਰੱਖਿਅਤ ਬਾਹਰ ਕੱਢਿਆ। ਰਾਮਪੁਰ ਦੇ ਪਟਬੰਗਲਾ ਵਿੱਚ 'ਤੇ ਖੜ੍ਹੇ ਇੱਕ ਟਿੱਪਰ 'ਤੇ ਇੱਕ ਵੱਡਾ ਦਰੱਖਤ ਡਿੱਗ ਗਿਆ। ਇਸ ਨਾਲ ਗੱਡੀ ਨੂੰ ਨੁਕਸਾਨ ਪਹੁੰਚਿਆ। ਸੂਬੇ ਵਿੱਚ ਕਈ ਥਾਵਾਂ 'ਤੇ ਤੂਫਾਨ ਕਾਰਨ ਦਰੱਖਤ ਡਿੱਗਣ ਦੀਆਂ ਘਟਨਾਵਾਂ ਵਾਪਰੀਆਂ। ਮੌਸਮ ਵਿਭਾਗ ਦੇ ਅਨੁਸਾਰ, ਸੂਬੇ ਵਿੱਚ ਪੰਜ ਦਿਨਾਂ ਤੱਕ ਮੌਸਮ ਖ਼ਰਾਬ ਰਹੇਗਾ। ਇਸ ਸਮੇਂ ਦੌਰਾਨ ਭਾਰੀ ਮੀਂਹ, ਗੜੇਮਾਰੀ ਅਤੇ 50 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਨਾਲ ਤੂਫਾਨ ਆਉਣ ਦੀ ਭਵਿੱਖਬਾਣੀ ਕੀਤੀ ਗਈ ਹੈ। ਮੌਸਮ ਵਿਭਾਗ ਨੇ ਅੱਜ ਲਈ ਚਾਰ ਜ਼ਿਲ੍ਹਿਆਂ ਚੰਬਾ, ਕਾਂਗੜਾ, ਕੁੱਲੂ ਅਤੇ ਮੰਡੀ ਲਈ ਯੈਲੋ ਅਲਰਟ ਜਾਰੀ ਕੀਤਾ ਹੈ।

# ਫਰੀਦਕੋਟ ਪੁਲਿਸ ਨੇ ਲੁੱਟਾਂ-ਖੋਹਾਂ ਕਰਨ ਵਾਲੇ ਗਿਰੋਹ ਦੇ ਪੰਜ ਮੈਂਬਰਾਂ ਨੂੰ ਕੀਤਾ ਗ੍ਰਿਫ਼ਤਾਰ



**ਫਰੀਦਕੋਟ :** ਡਾ. ਪ੍ਰਗਿਆ ਜੈਨ (ਆਈ.ਪੀ.ਐਸ) ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਿਸ ਵੱਲੋਂ ਇੱਕ ਸੰਭਾਵਿਤ ਵੱਡੀ ਵਾਰਦਾਤ ਨੂੰ ਸਮੇਂ ਸਿਰ ਨਾਕਾਮ ਕਰਦਿਆ ਤੇਜਧਾਰ ਹਥਿਆਰਾਂ ਦੀ ਨੋਕ 'ਤੇ ਲੁੱਟ-ਖੋਹ ਕਰਨ ਦੀ ਤਾਕ ਵਿੱਚ ਬੈਠੇ ਗਿਰੋਹ ਵਿੱਚ ਸ਼ਾਮਿਲ 05 ਮੈਬਰਾਂ ਨੂੰ ਵਾਰਦਾਤ ਨੂੰ ਅੰਜਾਮ ਦੇਣ ਤੋਂ ਪਹਿਲਾਂ ਹੀ ਕਾਬੂ ਕੀਤਾ ਗਿਆ ਹੈ। ਇਸ ਕਾਰਵਾਈ ਨੂੰ ਜੋਗੇਸ਼ਵਰ ਸਿੰਘ ਗੋਰਾਇਆ ਐਸ.ਪੀ (ਇੰਨਵੈਸਟੀਗੇਸ਼ਨ) ਫਰੀਦਕੋਟ ਦੀ ਰਹਿਨੁਮਾਈ ਅਤੇ ਸੰਜੀਵ ਕੁਮਾਰ ਡੀ.ਐਸ.ਪੀ (ਸਬ ਡਵੀਜਨ) ਕੋਟਕਪੂਰਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਥਾਣਾ ਸਿਟੀ ਕੋਟਕਪੂਰਾ ਦੀਆਂ ਪੁਲਿਸ ਟੀਮਾਂ ਵੱਲੋਂ ਸਫਲਤਾਪੂਰਵਕ ਅੰਜਾਮ ਦਿੱਤਾ ਗਿਆ।ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਹਿਚਾਣ ਸੰਦੀਪ ਸਿੰਘ ਉਰਫ ਸਿੱਪੂ (ਵਾਸੀ ਜੈਤੋ ਰੋਡ, ਕੋਟਕਪੂਰਾ), ਸ਼ਿੰਦਰ ਸਿੰਘ (ਵਾਸੀ ਜੈਤੋ ਰੋਡ, ਕੋਟਕਪੂਰਾ), ਅਮਨਦੀਪ ਸਿੰਘ ਉਰਫ ਕਾਕਾ (ਵਾਸੀ ਜੈਤੋ ਰੋਡ, ਕੋਟਕਪੂਰਾ), ਅਕਾਸ਼ ਉਰਫ ਗਿੱਲ (ਵਾਸੀ ਜੀਵਨ ਨਗਰ, ਕੋਟਕਪੂਰਾ) ਅਤੇ ਕਰਨਦੀਪ ਸਿੰਘ ਉਰਫ ਕੁੱਲੂ (ਵਾਸੀ ਦੇਵੀਵਾਲਾ ਰੋਡ, ਕੋਟਕਪੂਰਾ) ਵਜੋਂ ਹੋਈ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀਆਂ ਪਾਸੋ ਮੌਕੇ ਪਰ 01 ਲੋਹੇ ਦੀ ਪਾਈਪ, 01 ਕ੍ਰਿਪਾਨ, 01 ਦਾਤ, 01 ਲੋਹੇ ਦਾ ਖੰਡਾ, 01 ਲੱਕੜ ਦਾ ਬੇਸਬਾਲ ਬਰਾਮਦ ਕੀਤਾ ਗਿਆ ਹੈ। ਕਾਰਵਾਈ ਦੇ ਵੇਰਵਿਆਂ ਮੁਤਾਬਿਕ ਇੰਸਪੈਕਟਰ ਚਮਕੌਰ ਸਿੰਘ ਮੁੱਖ ਅਫਸਰ ਥਾਣਾ ਸਿਟੀ ਕੋਟਕਪੂਰਾ ਦੀ ਨਿਗਰਾਨੀ ਹੇਠ ਮਿਤੀ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਚੈਕਿੰਗ ਅਤੇ ਗਸ਼ਤ ਦੇ ਸਬੰਧ ਵਿੱਚ ਏਰੀਆ ਵਿੱਚ ਮੌਜੂਦ ਸੀ ਤਾਂ ਉਹਨਾਂ ਨੂੰ ਭਰੋਸੇਯੋਗ ਸੂਚਨਾ ਮਿਲੀ ਕਿ ਇਹ ਸਾਰੇ ਵਿਅਕਤੀ ਜੁਰਮ ਕਰਨ ਦੇ ਆਦੀ ਹਨ, ਜੋ ਸੜਕ ਪਰ ਜਾਂਦੇ ਰਾਹਗੀਰਾਂ ਪਾਸੋ ਪੈਸੇ, ਮੋਬਾਇਲ ਫੋਨ ਅਤੇ ਮੋਟਰਸਾਈਕਲਾਂ ਦੀ ਲੁੱਟ ਖੋਹਾਂ ਦੀਆਂ ਵਾਰਦਾਤਾਂ ਕਰਦੇ ਹਨ ਅਤੇ ਜੋ ਜੈਤੋ ਰੋਡ ਬਾਈਪਾਸ ਲਿੰਕ ਰੋਡ ਕੋਟਕਪੂਰਾ ਪਾਸ ਲੁਕ ਛਿਪ ਕੇ ਲੁੱਟ ਖੋਹ ਕਰਨ ਦੀ ਯੋਜਨਾ ਬਣਾ ਰਹੇ ਹਨ। ਜਿਸ ’ਤੇ ਪੁਲਿਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਮੌਕੇ ’ਤੇ ਪਹੁੰਚ ਕੇ ਉਕਤਾਨ ਸਾਰੇ ਦੋਸ਼ੀਆਂ ਨੂੰ ਮੌਕੇ ਪਰ ਕਾਬੂ ਕੀਤਾ ਗਿਆ। ਜਿਹਨਾਂ ਪਾਸੋਂ ਪੁਲਿਸ ਪਾਰਟੀ ਵੱਲੋਂ ਦੋਸ਼ੀਆਂ ਪਾਸੋਂ ਮੌਕੇ ਪਰ 01 ਲੋਹੇ ਦੀ ਪਾਈਪ, 01 ਕ੍ਰਿਪਾਨ, 01 ਦਾਤ, 01 ਲੋਹੇ ਦਾ ਖੰਡਾ ਅਤੇ 01 ਲੱਕੜ ਦਾ ਬੇਸ-ਬਾਲ ਬਰਾਮਦ ਕੀਤੀ ਗਈ ਹੈ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਦਸਵੀਂ ਜਮਾਤ ਦੇ ਨਤੀਜਿਆਂ 'ਚ ਸੰਤ ਮੋਹਨ ਦਾਸ ਸਕੂਲ ਨੇ ਮਾਰੀ ਬਾਜੀ

**ਭਲੂਰ/ਬੇਅੰਤ ਗਿੱਲ**

ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਐਲਾਨੇ ਗਏ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਪੰਜਾਬ ਭਰ ਵਿੱਚ ਤਿੰਨ ਮੈਰਿਟ ਪੁਜੀਸ਼ਨਾਂ ਹਾਸਲ ਕਰਦੇ ਹੋਏ ਫਰੀਦਕੋਟ ਜਿਲ੍ਹੇ ਨਾਲ ਸੰਬੰਧਿਤ ਸਿੱਖਿਆ ਅਤੇ ਖੇਡਾਂ ਦੇ ਖੇਤਰ 'ਚ ਮੋਹਰੀ ਸੰਸਥਾ ਵਜੋਂ ਜਾਣੇ ਜਾਂਦੇ ਸੰਤ ਮੋਹਨ ਦਾਸ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਕੋਟ ਸੁਖੀਆ (ਫਰੀਦਕੋਟ) ਦੀ ਦਸਵੀਂ ਕਲਾਸ ਦੀ ਹੋਣਹਾਰ ਵਿਦਿਆਰਥਣ ਰਮਨਦੀਪ ਕੌਰ ਸਪੁੱਤਰੀ ਭੁਪਿੰਦਰ ਸਿੰਘ ਵਾਸੀ ਸਮਾਲਸਰ ਨੇ 98.46 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਫਰੀਦਕੋਟ,ਫਿਰੋਜਪੁਰ ਅਤੇ ਮੁਕਤਸਰ ਜਿਲ੍ਹਿਆਂ ਚੋਂ ਦੂਜਾ ਤੇ ਪੰਜਾਬ ਭਰ 'ਚ 5ਵਾਂ ਰੈਂਕ , ਹਰਮਨਪ੍ਰੀਤ ਕੌਰ ਸਪੁੱਤਰੀ ਸੁਖਦੇਵ ਸਿੰਘ ਵਾਸੀ ਮੁੱਦਕੀ ਨੇ 97.54 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪੰਜਾਬ ਭਰ 'ਚ 11ਵਾਂ ਰੈਂਕ ਅਤੇ ਮਨਜੋਤ ਕੌਰ ਸਪੁੱਤਰੀ ਸੁਖਵੰਤ ਸਿੰਘ ਵਾਸੀ ਚੱਕਬਾਗ ਸਿੰਘ ਵਾਲਾ ਨੇ 96 ਪ੍ਰਤੀਸ਼ਤ ਅੰਕ ਪ੍ਰਾਪਤ ਕਰਦੇ ਹੋਏ ਪੰਜਾਬ ਭਰ ਚੋਂ 21ਵਾਂ ਰੈਂਕ ਹਾਸਲ ਕਰਦੇ ਹੋਏ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜਾਰੀ ਕੀਤੀ ਗਈ ਪੰਜਾਬ ਪੱਧਰ ਦੀ ਮੈਰਿਟ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਂਦੇ ਹੋਏ ਫਰੀਦਕੋਟ ਜਿਲ੍ਹੇ ਦੇ ਨਾਲ ਨਾਲ



ਆਪਣੀ ਸੰਸਥਾ, ਮਾਪਿਆਂ ਤੇ ਇਲਾਕਾ ਨਿਵਾਸੀਆਂ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਡਿਪਟੀ ਡਾਇਰੈਕਟਰ ਸੰਦੀਪ ਥਾਪਰ ਨੇ ਨਤੀਜੇ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਸਵੀਂ ਕਲਾਸ ਵਿੱਚ ਕੁੱਲ 83 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ ਸੰਸਥਾ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਉਹਨਾਂ ਕਿਹਾ ਕਿ 17 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ, 27 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਵੱਧ ਅੰਕ ਹਾਸਲ ਕੀਤੇ ਤੇ ਇਸ ਤੋਂ ਇਲਾਵਾ ਸਾਰੇ ਵਿਦਿਆਰਥੀ ਪਹਿਲੇ ਦਰਜੇ ਵਿੱਚ ਪਾਸ ਹੋਏ। ਸੰਸਥਾ ਦੇ ਹੋਣਹਾਰ 14 ਵਿਦਿਆਰਥੀਆਂ ਨੇ ਵੱਖ ਵੱਖ ਵਿਸ਼ਿਆਂ ਗਣਿਤ, ਅੰਗਰੇਜ਼ੀ, ਹਿੰਦੀ ਅਤੇ ਸਮਾਜਿਕ ਸਿੱਖਿਆ ਚੋਂ 100 ਪ੍ਰਤੀਸ਼ਤ ਅੰਕ ਹਾਸਲ ਕੀਤੇ। ਇਸ ਮੌਕੇ ਤੇ ਪ੍ਰਿੰਸੀਪਲ ਮੈਡਮ ਰੇਣੂਕਾ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਮਾਨਯੋਗ ਜਿਲ੍ਹਾ ਸਿੱਖਿਆ ਅਫਸਰ(ਸੈ.ਸਿੱ.) ਸ਼੍ਰੀਮਤੀ ਅੰਜਨਾ ਕੌਸ਼ਲ ਜੀ ਦੀ ਯੋਗ ਅਗਵਾਈ ਹੇਠ ਫਰੀਦਕੋਟ ਜਿਲ੍ਹਾ ਸਿੱਖਿਆ ਦੇ ਖੇਤਰ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਹਾਸਲ ਕਰ ਰਿਹਾ ਹੈ।ਇਸ ਮੌਕੇ ਉੱਪ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.) ਪਵਨ ਕੁਮਾਰ, ਜਿਲ੍ਹਾ ਗਾਈਡੈਂਸ ਕੌਸਲਰ ਜਸਬੀਰ ਜੱਸੀ, ਜਿਲ੍ਹਾ ਖੇਤਰੀ ਬੁੱਕ ਡਿੱਪੂ ਫਰੀਦਕੋਟ ਦੇ ਮੈਨੇਜਰ ਮਨਦੀਪ ਕੌਰ ਤੇ ਡਿਪਟੀ ਮੈਨੇਜਰ ਬਲਰਾਜ ਸਿੰਘ ਨੇ ਸਮੂਹ ਸਟਾਫ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ। ਸਕੂਲ ਦੇ ਸਰਪ੍ਰਸਤ ਮੁਕੰਦ ਲਾਲ ਥਾਪਰ ਤੇ ਪ੍ਰਿੰ: ਐਚ ਐੱਸ ਸਾਹਨੀ ਨੇ ਸੰਸਥਾ ਦਾ ਇਹ ਨਤੀਜਾ ਮਰਹੂਮ ਪ੍ਰਿੰਸੀਪਲ ਮੈਡਮ ਸਵਰਨਜੀਤ ਕੌਰ 'ਸਿੰਮੀ ਥਾਪਰ' ਜੀ ਨੂੰ ਸਮਰਪਿਤ ਕੀਤਾ। ਇਸ ਮੌਕੇ ਟਰੱਸਟੀ ਸ. ਸੰਤੋਖ ਸਿੰਘ ਸੋਢੀ ਤੇ ਪ੍ਰਬੰਧਕ ਮੈਡਮ ਮੇਘਾ ਥਾਪਰ, ਪ੍ਰਿੰ: ਨਰਿੰਦਰ ਮੱਕੜ, ਕੈਂਪਸ ਕੋਆਰਡੀਨਟਰ ਮਨਜੀਤ ਕੌਰ, ਕੋਆਰਡੀਨੇਟਰ ਦਰਸ਼ਨਾ ਦੇਵੀ, ਕੋਆਰਡੀਨੇਟਰ ਖੁਸ਼ਵਿੰਦਰ ਸਿੰਘ, ਮੋਹਨ ਸਿੰਘ , ਸੁਪਰਡੈਂਟ ਲਖਵੀਰ ਸ਼ਰਮਾਂ, ਰਵੀ ਸਿੰਘ ਸੋਨੀ, ਗੁਰਮੇਜ ਸਿੰਘ, ਰਾਜ ਕੁਮਾਰ ਕੋਚਰ ਤੇ ਸਮੂਹ ਸਟਾਫ ਹਾਜ਼ਰ ਸਨ।

# ਜਿਲਾ ਪਟਿਆਲਾ ਵਿਧਾਨ ਸਭਾ ਸਮਾਣਾ 'ਚ ਬਸਪਾ ਦੀ ਪੰਜਾਬ ਸੰਭਾਲੋ ਮੁਹਿਮ ਦੀ ਹਨੇਰੀ

## ਜਿਲਾ ਪਟਿਆਲਾ ਦੇ ਵਿਧਾਨ ਸਭਾ ਸਮਾਣਾ ਦੇ ਵਿੱਚ ਸਮੀਖਿਆ ਬੈਠਕ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਸੱਤਾ ਪ੍ਰਾਪਤ ਕਰੋ ਦਾ ਸੰਕਲਪ, ਕੇਂਦਰੀ ਬਸਪਾ ਇੰਚਾਰਜ ਸ੍ਰੀ ਬਿਪਲ ਕੁਮਾਰ ਜੀ ਨੇ ਕਰੀ ਸਮੀਕਸ਼ਾ: ਕਰੀਮਪੁਰੀ

**ਸਮਾਣਾ/ਪਟਿਆਲਾ (ਚਰਨਜੀਤ ਸੱਲ੍ਹਾ )** ਬਹੁਜਨ ਸਮਾਜ ਪਾਰਟੀ (ਬਸਪਾ) ਵੱਲੋਂ ਪੰਜਾਬ ਦੀ ਸਿਆਸੀ ਫਿਜ਼ਾ ਬਦਲਣ ਅਤੇ ਲੋਕਾਂ ਨੂੰ ਮੌਜੂਦਾ ਸਰਕਾਰਾਂ ਦੀਆਂ ਲੋਕ-ਮਾਰੂ ਨੀਤੀਆਂ ਤੋਂ ਨਿਜਾਤ ਦਿਵਾਉਣ ਲਈ ਵਿੱਢੀ ਗਈ 'ਪੰਜਾਬ ਸੰਭਾਲੋ ਮਹਿਮ' ਤਹਿਤ ਅੱਜ ਵਿਧਾਨ ਸਭਾ ਹਲਕਾ ਸਮਾਣਾ ਵਿਖੇ ਇੱਕ ਵਿਸ਼ੇਸ਼ ਸਮੀਖਿਆ ਬੈਠਕ ਕੀਤੀ ਗਈ। ਇਸ ਮੌਕੇ ਕੇਂਦਰੀ ਬਸਪਾ ਇੰਚਾਰਜ ਸ੍ਰੀ ਬਿਪਲ ਕੁਮਾਰ ਜੀ, ਪੰਜਾਬ ਸਟੇਟ ਬਸਪਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਅਤੇ ਸਟੇਟ ਇੰਚਾਰਜ ਸ੍ਰੀ ਅਜੀਤ ਸਿੰਘ ਭੈਣੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

ਬੈਠਕ ਦੇ ਅਹਿਮ ਨੁਕਤੇ ਹੇਠ ਲਿਖੇ ਅਨੁਸਾਰ ਹਨ:

1. ਸੱਤਾ ਪ੍ਰਾਪਤੀ ਦਾ ਸੰਕਲਪ

ਕੇਂਦਰੀ ਇੰਚਾਰਜ ਸ੍ਰੀ ਬਿਪਲ ਕੁਮਾਰ ਜੀ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਪੰਜਾਬ ਸੰਭਾਲੋ ਮਹਿਮ' ਦਾ ਮੁੱਖ ਉਦੇਸ਼ ਸੂਬੇ ਵਿੱਚ ਬਹੁਜਨ ਸਮਾਜ ਦੀ ਆਪਣੀ ਸਰਕਾਰ ਸਥਾਪਤ ਕਰਨਾ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਦੋਂ ਤੱਕ ਸੱਤਾ ਦੀ ਚਾਬੀ ਸਾਡੇ ਹੱਥ ਵਿੱਚ ਨਹੀਂ ਆਉਂਦੀ, ਉਦੋਂ ਤੱਕ ਗਰੀਬਾਂ ਅਤੇ ਮਜ਼ਲੂਮਾਂ ਦਾ ਭਲਾ ਨਹੀਂ ਹੋ ਸਕਦਾ।

2. ਮਿਸ਼ਨ 'ਮਾਲਵਾ ਫਤਿਹ' ਦਾ ਸੱਦਾ

ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਮਾਲਵਾ ਖੇਤਰ ਦੇ ਰਾਜਨੀਤਿਕ ਮਹੱਤਵ ਨੂੰ ਮੁੱਖ ਰੱਖਦਿਆਂ 'ਮਿਸ਼ਨ ਮਾਲਵਾ ਫਤਿਹ' ਦਾ ਨਾਅਰਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸੱਤਾ ਦਾ ਰਾਹ ਮਾਲਵੇ ਵਿੱਚੋਂ ਹੋ ਕੇ ਗੁਜ਼ਰਦਾ ਹੈ, ਇਸ ਲਈ ਪਾਰਟੀ ਵਰਕਰ ਹਰ ਪਿੰਡ ਅਤੇ ਹਰ ਘਰ ਤੱਕ ਪਹੁੰਚ ਕਰਕੇ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਅਤੇ ਬਸਪਾ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਅਤੇ ਪਾਰਟੀ ਦਾ ਸੰਗਠਨ ਜ਼ਿਲ੍ਹਾ ਵਿਧਾਨ ਸਭਾ ਸੈਕਟਰ ਅਤੇ ਬਹੁਤ ਪੱਧਰ ਤੱਕ ਬੀਐਸਪੀ ਬਾਮਸੇ ਬੀਬੀਐਫ ਦਾ ਮਜਬੂਤੀ ਨਾਲ ਬਣਾਉਣ ਦਾ ਜੰਗੀ ਪੱਧਰ ਤੇ ਮੁਹਿੰਮ ਚਲਾਣ

ਸੰਗਠਨਾਤਮਕ ਸਮੀਖਿਆ

ਬੈਠਕ ਦੌਰਾਨ ਸਮਾਣਾ ਹਲਕੇ ਦੇ ਸੰਗਠਨਾਤਮਕ ਢਾਂਚੇ ਦੀ ਬਾਰੀਕੀ ਨਾਲ ਸਮੀਖਿਆ ਕੀਤੀ ਗਈ ਇਸ ਮੌਕੇ ਸ੍ਰੀ ਅਜੀਤ ਸਿੰਘ ਭੈਣੀ (ਸਟੇਟ



ਇੰਚਾਰਜ) ਨੇ ਹਦਾਇਤ ਕੀਤੀ ਕਿ ਬੂਥ ਪੱਧਰ ਦੀਆਂ ਕਮੇਟੀਆਂ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਤਾਂ ਜੋ ਆਉਣ ਵਾਲੀਆਂ ਚੁਣੌਤੀਆਂ ਦਾ ਡਟ ਕੇ ਸਾਹਮਣਾ ਕੀਤਾ ਜਾ ਸਕੇ।

4. ਪੰਜਾਬ ਸੰਭਾਲੋ ਮਹਿਮ ਦੇ ਮੁੱਖ ਮੁੱਦੇ ਉਠਾਦਿਆ ਕਰੀਮਪੁਰੀ ਨੇ ਕਿਹਾ ਕਿ ਪੰਜਾਬ ਅੱਜ ਨਸ਼ਿਆਂ, ਬੇਰੁਜ਼ਗਾਰੀ ਅਤੇ ਆਰਥਿਕ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। 'ਪੰਜਾਬ ਸੰਭਾਲੋ ਮਹਿਮ' ਦੇ ਜ਼ਰੀਏ ਬਸਪਾ



ਇਨ੍ਹਾਂ ਮੁੱਦਿਆਂ 'ਤੇ ਲੋਕਾਂ ਨੂੰ ਜਾਗਰੂਕ ਕਰੇਗੀ ਅਤੇ ਸੂਬੇ ਨੂੰ ਮੁੜ ਖੁਸ਼ਹਾਲੀ ਦੀ ਲੀਹ 'ਤੇ ਲਿਆਉਣ ਲਈ ਵਚਨਬੱਧ ਰਹੇਗੀ, ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਜੋਨ ਇੰਚਾਰਜ ਇੱਕ ਦਰ ਹਰਭਜਨ ਸਿੰਘ ਬਜਹੇੜੀ ਸਟੇਟ ਦੇ ਉਪ ਪ੍ਰਧਾਨ ਸਰਦਾਰ ਬਲਦੇਵ ਸਿੰਘ ਮਹਿਰਾ,ਸਟੇਟ ਜਨਰਲ ਸੈਕਟਰੀ ਤੇ ਜੋਨ ਇੰਚਾਰਜ ਮਾਸਟਰ ਅਮਰਜੀਤ ਸਿੰਘ ਜਲੂਰ,ਸਟੇਟ ਜਨਰਲ ਸੈਕਟਰੀ ਸਰਦਾਰ ਜੋਗਾ ਸਿੰਘ ਪਨਾਉਂਦੀਆਂ, ਸਰਦਾਰ ਬਲਜੀਤ ਸਿੰਘ ਸਰਣਾ ਸਟੇਟ ਜਨਰਲ ਸੈਕਟਰੀ,ਸਟੇਟ ਜਨਰਲ ਸੈਕਟਰੀ ਸਰਦਾਰ ਜਗਜੀਤ ਸਿੰਘ ਸ਼ਰਬੜ,ਸਰਦਾਰ ਜਰਨੈਲ ਸਿੰਘ ਆਈਟੀਓ ਰਿਟਾਇਰ ਅਤੇ ਸਰਦਾਰ ਬੰਤ ਸਿੰਘ ਰਿਟਾਇਰਡ ਆਈਟੀਓ, ਜਿਲਾ ਪ੍ਰਧਾਨ ਮੇਜਰ ਸਿੰਘ ਟਿੱਬੇ, ਜਿਲ੍ਹਾ ਪ੍ਰਧਾਨ ਸਰਬਜੀਤ ਖੇੜੀ, ਜਿਲ੍ਹਾ ਪ੍ਰਧਾਨ ਸਤਿਗੁਰੂ ਸਿੰਘ, ਰਟਾਈਡ ਏਡੀਸੀ ਸਰਦਾਰ ਪ੍ਰੀਤਮ ਸਿੰਘ ਜੌਹਲ ਕਿਸਾਨ ਆਗੂ ਅਤੇ ਬਲਵਿੰਦਰ ਸਿੰਘ ਕਿਸਾਨ ਆਗੂ ਚੰਦ ਸਿੰਘ ਭੱਟੀ ਰੂਪ ਸਿੰਘ ਬਠੋਈ, ਜਰਨੈਲ ਸਿੰਘ ਸਮਾਣਾ, ਮੋਹਣ ਲਾਲ ਵਿਧਾਨ ਸਭਾ ਪ੍ਰਧਾਨ ਤੋਂ ਇਲ-ਵਾ ਹੋਰ ਪਾਰਟੀ ਲੀਡਰ ਅਤੇ ਵਰਕਰ ਸਮਰਥਕ ਵੱਡੇ ਗਿਣਤੀ ਵਿੱਚ ਹਾਜ਼ਰ ਸਨ।



The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

## ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਲੜਕੀ ਦੇ ਵਿਆਹ ਤੇ ਦਿੱਤੀ ਗਈ ਵਾਸ਼ਿੰਗ ਮਸ਼ੀਨ



**ਬੰਗਾ 11 ਮਈ (ਚਰਨਜੀਤ ਸੱਲ੍ਹਾ )** ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵੱਲੋਂ ਧੰਨ-ਧੰਨ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 649ਵੇਂ ਪ੍ਰਕਾਸ਼ ਦਿਹਾੜੇ ਤੇ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕੀਤੇ ਗਏ ਸਨ ਜਿਨ੍ਹਾਂ ਨੂੰ ਘਰ ਵਿੱਚ ਵਰਤਿਆ ਜਾਣ ਵਾਲਾ ਸਾਮਾਨ ਵੀ ਦਿੱਤਾ ਗਿਆ ਸੀ ਨਾਲ ਹੀ ਲੜੀ ਅੱਗੇ ਤੋਰਦਿਆਂ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਦੇ ਅਹੁਦੇਦਾਰਾਂ ਵੱਲੋਂ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹੀਨਾਵਾਰ ਸਮਾਗਮ ਸ਼ੁਰੂ ਕੀਤੇ ਗਏ ਹਨ ਜੋ ਸਮਾਗਮ ਹਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਸੰਗਤਾਂ ਦੇ ਘਰਾਂ ਵਿੱਚ ਕੀਤੇ ਜਾ ਰਹੇ ਹਨ ਜਿਨ੍ਹਾਂ ਸਮਾਗਮਾਂ ਦੀ ਸ਼ੁਰੂਆਤ ਸੰਸਥਾ ਦੇ ਪ੍ਰਧਾਨ ਗਾਇਕ ਰਾਜ ਦਦਰਾਲ ਦੇ ਗ੍ਰਹਿ ਵਿਖੇ ਕੀਤੀ ਗਈ ਅੱਜ ਪਿੰਡ ਗਣਾਚੌਰ ਵਿਖੇ ਇੱਕ ਲੋੜਵੰਦ ਪਰਿਵਾਰ ਦੀ ਲੜਕੀ ਦੇ ਵਿਆਹ ਤੇ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਵਾਸ਼ਿੰਗ ਮਸ਼ੀਨ ਭੇਂਟ ਕੀਤੀ ਗਈ ਹੈ ਸੰਸਥਾ ਵੱਲੋਂ ਸਮੇਂ-ਸਮੇਂ ਤੇ ਚੰਗੇ ਉਪਰਾਲੇ ਕੀਤੇ ਜਾ ਰਹੇ ਹਨ ਇੰਨਾ ਕਾਰਜਾਂ ਲਈ ਸੁਰ-ਸੰਗੀਤ ਸੰਸਥਾ ਦੋਆਬਾ ਬੰਗਾ ਵਧਾਈ ਦੀ ਪਾਤਰ ਹੈ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੰਸਥਾ ਦੇ ਪ੍ਰਧਾਨ ਸ੍ਰੀ ਰਾਜ ਦਦਰਾਲ ਨੇ ਦੱਸਿਆ 7 ਜੂਨ ਦਿਨ ਐਤਵਾਰ ਨੂੰ ਦੂਸਰਾ ਮਹੀਨਾ ਵਾਰ ਸਮਾਗਮ ਸੰਸਥਾ ਦੇ ਖਜ਼ਾਨਚੀ ਗਾਇਕ ਜਗਦੀਸ਼ ਜਾਡਲਾ ਜੀ ਅਤੇ ਮੁੱਖ ਸਲਾਹਕਾਰ ਗਾਇਕ ਰਵਿਜੈ ਜਾਡਲਾ ਜੀ ਦੇ ਗ੍ਰਹਿ ਵਿਖੇ ਕੀਤਾ ਜਾਵੇਗਾ ਅਤੇ ਧੰਨ-ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਦਿਹਾੜੇ ਤੇ ਤੀਸਰਾ ਜਾਗ੍ਰਿਤੀ ਸੰਮੇਲਨ ਤੇ ਵਿਆਹ ਸਮਾਰੋਹ ਪਿੰਡ ਗਣਾਚੌਰ ਵਿਖੇ ਕੀਤਾ ਜਾਵੇਗਾ ਇਸ ਮੌਕੇ ਹਾਜ਼ਰ ਸਨ ਸੰਸਥਾ ਦੇ ਜਰਨਲ ਸਕੱਤਰ ਲੈਕਚਰਾਰ ਮੱਖਣ ਬਖਲੌਰ ਜੀ,ਮੀਤ ਪ੍ਰਧਾਨ ਵਿਜੈ ਗੁਣਾਚੌਰ ਜੀ,ਬਹੁਤ ਹੀ ਸਤਿਕਾਰਯੋਗ ਬਾਬੂ ਜੀਤ ਰਾਮ ਜੀ ਸਾਬਕਾ ਸਰਪੰਚ ਪਿੰਡ ਗੁਣਾਚੌਰ,ਮੁੱਖ ਸਲਾਹਕਾਰ ਜੈਪਾਲ ਸੁੰਡਾ ਜੀ,ਮੁੱਖ ਸਲਾਹਕਾਰ ਲੱਕੀ ਮਹਿਰਾ ਜੀ,ਮੈਂਬਰ ਐਚ.ਹੈਰੀ ਜੀ,ਮਾਤਾ ਵਿਦਿਆ ਕੁਮਾਰੀ ਜੀ,ਪਰਮਜੀਤ ਕੌਰ ਜੀ,ਜਗਦੀਸ਼ ਪਹਿਲਵਾਨ ਜੀ,ਕੁਲਦੀਪ ਵਿਰਦੀ ਜੀ,ਬਾਬੂ ਫ਼ਕੀਰ ਚੰਦ ਜੀ,ਅਤੇ ਕਾਕਾ ਵੀਰ ਜੀ ਹਾਜ਼ਰ ਸਨ।

## ਸਾਂਝੇ ਫਰੰਟ ਵਲੋਂ ਜਲੰਧਰ ਵਿਖੇ ਕਨਵੈਸ਼ਨ 17 ਮਈ ਨੂੰ




**ਬੰਗਾ ( ਚਰਨਜੀਤ ਸੱਲ੍ਹਾ )** ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੀ ਇਕਾਈ ਬੰਗਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਬਾਬਾ ਗੋਲਾ ਪਾਰਕ ਵਿਖੇ ਕੀਤੀ ਗਈ ਲ ਇਹ ਮੀਟਿੰਗ ਰਾਮ ਮਿੱਤਰ ਕੋਹਲੀ ਦੀ ਪ੍ਰਧਾਨਗੀ ਹੇਠ ਕੀਤੀ ਗਈ । ਇਸ ਮੀਟਿੰਗ ਵਿੱਚ ਸ.ਪਰਮਜੀਤ ਸਿੰਘ ਜੌਹਰ, ਹਰਬਲਾਸ ਹੀਓ, ਜਸਵੀਰ ਸਿੰਘ ਮੋਰੋਂ, ਸ਼ੰਕਰ ਦਾਸ, ਰਾਮ ਰਤਨ, ਸੋਹਣ ਸਿੰਘ ,ਰਮੇਸ਼ ਚੰਦਰ,ਸੁਰਿੰਦਰ ਸਿੰਘ,ਰਾਮ ਲਾਲ, ਤਰਲੋਕ ਸਿੰਘ ਫਲੋਰਾ,ਸ੍ਰੀ ਸੁਰਜੀਤ ਸਿੰਘ ਆਦਿ ਨੇ ਆਪਣੇ ਵਿਚਾਰ ਪੇਸ਼ ਕੀਤੇ ਲ ਬੁਲਾਰਿਆਂ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੁਣ ਤੱਕ ਦੀਆਂ ਸਭ ਸਰਕਾਰਾਂ ਤੋਂ ਨਿਕੰਮੀ ਸਿੱਧ ਹੋਈ ਹੈ । ਇਸ ਦੇ ਕੰਮ ਇਸ਼ਤਿਹਾਰਾਂ ਵਿੱਚ ਹੀ ਦਿਖਾਈ ਦਿੰਦੇ ਹਨ। ਲੋਕਾਂ ਦੇ ਟੈਕਸਾਂ ਦਾ ਕਰੋੜਾਂ ਰੁਪਿਆ ਆਪਣੀ ਫੋਕੀ ਮਸ਼ਹੂਰੀ ਤੇ ਖਰਚਿਆ ਜਾ ਰਿਹਾ ਹੈ । ਹੋਰ ਨਵੇਂ ਕਰਜ਼ੇ ਲੈ ਕੇ ਫਜ਼ੂਲ ਖਰਚੇ ਕੀਤੇ ਜਾ ਰਹੇ ਹਨ। ਸਰਕਾਰ ਇੱਕ ਪਾਸੇ ਖ਼ਜਾਨਾ ਭਰੇ ਹੋਣ ਦਾ ਰਾਗ ਅਲਾਪ ਰਹੀ ਹੈ । ਐਪਰ ਦੂਜੇ ਪਾਸੇ ਅਜੇ ਤੱਕ ਪੈਨਸ਼ਨਰਾਂ ਦੀ ਪੈਨਸ਼ਨ ਦੀ ਅਦਾਇਗੀ ਨਹੀਂ ਕੀਤੀ ਗਈ । ਮਾਨਯੋਗ ਅਦਾਲਤ ਦੇ ਹੁਕਮ ਹੋ ਜਾਣ ਤੇ ਵੀ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਨਹੀਂ ਕੀਤੀਆਂ । ਤਨਖਾਹ ਕਮਿਸ਼ਨ ਦੀ ਪੂਰੀ ਖੇਹ ਉਡਾਈ ਹੈ । ਪੈਨਸ਼ਨਰਾਂ ਦਾ 2.59 ਦਾ ਗੁਣਾਂਕ ਲਾਗੂ ਨਹੀਂ ਕੀਤਾ ਜਾ ਰਿਹਾ । ਸਰਕਾਰ ਲੋਕਾਂ ਨੂੰ ਮੁਫ਼ਤ ਸਹੂਲਤਾਂ ਦੇ ਕੇ ਵੋਟਾਂ ਵਟੋਰਨ ਦੇ ਰਾਹ ਪਈ ਹੋਈ ਹੈ । ਪ੍ਰੰਤੂ ਮੁਲਾਜ਼ਮ ਅਤੇ ਪੈਨਸ਼ਨਰ ਸਰਕਾਰ ਦਾ ਤਖਤਾ ਪਲਟਣ ਲਈ ਤਿਆਰ ਬੈਠੇ ਹਨ। ਦੇਸ਼ ਭਗਤ ਹਾਲ ਜਲੰਧਰ ਵਿਖੇ 17 ਮਈ ਨੂੰ ਮੁਲਾਜਮਾਂ ਅਤੇ ਪੈਨਸ਼ਨਰਾਂ ਵਲੋਂ ਸਾਂਝੀ ਕਨਵੈਨਸ਼ਨ ਕਰਕੇ ਅਗਲੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ।ਇਸ ਕਨਵੈਨਸ਼ਨ ਵਿੱਚ ਬੰਗਾ, ਨਵਾਂਸ਼ਹਿਰ, ਬਲਾਚੌਰ ਤੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ ।

## ਮੈਡੀਕਲ ਪ੍ਰਕੈਟੀਸਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਲਾਚੌਰ ਦੀ ਮੀਟਿੰਗ ਪ੍ਰਧਾਨ ਡਾ ਮੰਗਤ ਰਾਮ ਦੀ ਪ੍ਰਧਾਨਗੀ ਹੇਠ ਹੋਈ



**ਬਲਾਚੌਰ (ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ:-295ਬਲਾਕ ਬਲਾਚੌਰ ਦੀ ਅੱਜ ਮਹੀਨਾਵਾਰ ਮੀਟਿੰਗ ਪ੍ਰਧਾਨ ਡਾਕਟਰ ਮੰਗਤ ਰਾਮ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਬਲਾਚੌਰ ਵਿਖੇ ਕੀਤੀ ਗਈ। ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲ੍ਹਾ ਕੈਸ਼ੀਅਰ ਜ਼ਿਲ੍ਹਾ ਪ੍ਰੈਸ ਸਕੱਤਰ ਡਾਕਟਰ ਗੁਰਨਾਮ ਸਿੰਘ ਜੀ ਨੇ ਸਾਂਝੇ ਤੌਰ ਤੇ ਸਟੇਟ ਦੇ ਡੈਲੀਕੇਟ ਅਜਲਾਸ ਦੀ ਜਾਣਕਾਰੀ ਵਿਸਥਾਰ ਪੂਰਵਕ ਦੱਸੀ। ਪ੍ਰਧਾਨ ਡਾਕਟਰ ਮੰਗਤ ਰਾਏ ਜੀ ਨੇ ਜੱਥੇਬੰਦੀ ਦੀਆਂ ਗਤੀਵਿਧੀਆਂ ਬਾਰੇ ਗੱਲਬਾਤ ਕੀਤੀ।ਫੇਰ ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ ਤੇ ਚੇਅਰਮੈਨ ਡਾਕਟਰ ਰਾਮ ਪਾਲ ਚੀਮਾ ਜੀ ਨੇ ਡਾਕਟਰ ਸਾਥੀਆਂ ਨੂੰ ਅਪੀਲ ਕੀਤੀ ਕਿ ਆਪਣੇ ਇਕੱਠ ਨੂੰ ਬਣਾਕੇ ਰੱਖੋ।ਤੇ ਸਖ਼ਤੀ ਨਾਲ ਕਿਹਾ ਕਿ ਮੀਟਿੰਗ ਵਿੱਚ ਵੱਧ ਤੋਂ ਵੱਧ ਮੈਂਬਰ ਪਹੁੰਚਿਆ ਕਰੋ। ਠੋਸ ਕਾਰਨ ਕਰਕੇ ਹੀ ਗ਼ੈਰ ਹਾਜ਼ਰ ਹੋਇਆ ਕਰੋ। ਪ੍ਰਧਾਨ ਜੀ ਨੇ ਇੱਕ ਬਹੁਤ ਅਹਿਮ ਤੇ ਵਧੀਆ ਗੱਲ ਸਾਰਿਆਂ ਨੂੰ ਕਹੀ ਕਿ ਆਪਣੇ ਮੈਂਬਰਾਂ ਦੇ ਦੁੱਖ ਸੁੱਖ ਵਿੱਚ ਵੀ ਵੱਧ ਚੜਕੇ ਹਿੱਸਾ ਲਿਆ ਕਰੋ,ਕਿਸੇ ਨੂੰ ਫੋਨ ਕਰਕੇ ਜਾਂ ਉਸ ਦੇ ਕੋਲ ਜਾਕੇ ਤੇ ਕਿਹਾ ਕਿ ਜੋ ਆਪਾਂ ਮੀਟਿੰਗ ਕਰਦੇ ਹਾਂ ਇਹ ਸਾਨੂੰ ਚਾਰਜ ਕਰਨ ਦਾ ਕੰਮ ਕਰਦੀ ਇਸ ਨਾਲ ਸਾਨੂੰ ਮਹੀਨੇ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਾ ਵੀ ਪਤਾ ਲੱਗਦਾ ਇਸ ਕਰਕੇ ਹਰ ਮੀਟਿੰਗ ਵਿੱਚ ਹਾਜ਼ਰ ਹੋਣਾ ਬਹੁਤ ਜ਼ਰੂਰੀ ਹੈ। ਅੰਤ ਵਿੱਚ ਜੋ ਮੈਂਬਰ ਗੈਰਹਾਜ਼ਰ ਸਨ ਜਾਂ ਕਿਸੇ ਸਮੱਸਿਆ ਕਰਕੇ ਨਹੀਂ ਆਏ ਉਨ੍ਹਾਂ ਨੂੰ ਫੋਨ ਕਰਕੇ ਹਾਲ ਪੁੱਛਿਆ ਗਿਆ । ਇਸ ਮੌਕੇ ਪ੍ਰਧਾਨ ਡਾਕਟਰ ਮੰਗਤ ਰਾਏ,ਵਾਈਸ ਪ੍ਰਧਾਨ ਡਾਕਟਰ ਰਣਧੀਰ ਸਿੰਘ,ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ, ਚੇਅਰਮੈਨ ਡਾਕਟਰ ਰਾਮਪਾਲ ਚੀਮਾ, ਜ਼ਿਲ੍ਹਾ,ਜ਼ਿਲ੍ਹਾ ਪ੍ਰੈਸ ਸਕੱਤਰ ਡਾਕਟਰ ਗੁਰਨਾਮ ਸਿੰਘ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ,ਆਰਗੇਨਾਈਜ਼ਰ ਡਾਕਟਰ ਮਨਜੀਤ ਕੁਮਾਰ,ਵਾਈਸ ਆਰਗੇਨਾਈਜ਼ਰ ਡਾਕਟਰ ਭੁਪਿੰਦਰ ਸਿੰਘ,ਵਾਈਸ ਸਕੱਤਰ ਡਾਕਟਰ ਨਰੇਸ਼ ਕੁਮਾਰ ਕੰਗਣਾ, ਸਲਾਹਕਾਰ ਡਾਕਟਰ ਦਵਿੰਦਰ ਸੈਣੀ,ਡਾਕਟਰ ਰਾਜੇਸ਼ ਮੇਨਕਾ, ਡਾਕਟਰ ਨਾਰੇਸ਼ ਕੁਮਾਰ ਬੀਣੇਵਾਲ ਤੇ ਹੋਰ ਡਾਕਟਰ ਸਾਹਿਬਾਨ ਹਾਜ਼ਰ ਹੋਏ।

## ਤਥਾਗਤ ਬੁੱਧ ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੂੰ ਮਨੂ ਨੇ ਵੱਖ ਨਹੀਂ ਕੀਤਾ ਸਾਡੇ ਆਪਣੇ ਇਨ੍ਹਾਂ ਨੂੰ ਵੱਖ ਵੱਖ ਕਰ ਰਹੇ ਹਨ : ਪ੍ਰਿਆ ਅੰਬੇਦਕਰ

**ਬੰਗਾ (ਚਰਨਜੀਤ ਸੱਲ੍ਹਾ )** ਅੱਜ ਤਥਾਗਤ ਬੁੱਧ ਅਤੇ ਸਤਿਗੁਰੂ ਰਵਿਦ-ਾਸ ਮਹਾਰਾਜ ਨੂੰ ਮਨੂ ਨੇ ਵੱਖ -ਵੱਖ ਨਹੀਂ ਕੀਤਾ ਸਗੋਂ ਸਾਡੇ ਆਪਣੇ ਹੀ ਲੋਕ ਕਰ ਰਹੇ ਹਨ ਲ ਜਨਗਨਣਾ ਚ ਬੁੱਧ ਨੂੰ ਹੀ ਕਿਉ ਟਾਰਗੇਟ ਕੀਤਾ ਜਾ ਰਿਹਾ??? ਮਨੂਵਾਦੀ ਧਰਮ ਨੂੰ ਕਿਉ ਨਹੀਂ ? ਹਲੇ ਅੰਬੇਡਕਰ ਦੀ ਸੋਚ ਤੇ ਪਹਿਰਾ ਦੇਣ ਤੁਰਿਓ ਆ...ਇਹ ਲ ਏਨਾ ਨੀ ਸਮਝਦੇ ਕੇ ਜੇ ਜਨਗਨਣਾ ਚ ਖ਼ੁਦ ਨੂੰ ਚਮਾਰ, ਵਾਲਮੀਕਿ ਜਾ ਕੋਈ ਹੋਰ ਜਾਤੀ /ਧਰਮ ਚ ਲਿਖੋਗੇ ਤਾਂ ਸਿੱਧਾ ਸਿੱਧਾ ਹਿੰਦੂ ਧਰਮ ਚ ਹੀ ਦਰਜ ਹੋਵੋਗੇ ਜਦਕਿ ਅੰਬੇਡਕਰ ਸਾਹਬ ਨੇ ਸਾਨੂੰ ਹਿੰਦੂਵਾਦ ਚੋ ਕੱਢ ਕੇ ਬੁੱਧਵਾਦ ਚ ਸ਼ਾਮਲ ਕਰਵਾਇਆ ਸੀ ਲ ਪਰ ਅਸੀਂ ਉਸਦੇ ਉਲਟ ਤੁਰ ਪਏ ਲ ਜੇਕਰ ਤੁਸੀਂ ਡਾ. ਅੰਬੇਡਕਰ ਦੇ ਉਲਟ ਚਲੁਗੇ ਤਾਂ ਤੁਹਾਡੀਆ ਅਜਿਹੀਆਂ ਗਤੀਵਿਧੀਆਂ ਦੁਸ਼ਮਣ ਨੂੰ ਫਾਇਦਾ ਹੀ ਕਰਵਾਉਣਗੀਆਂ ਕਿਉਕਿ ਓਹਨਾ ਦੀ ਗਿਣਤੀ ਹੀ ਵਧਣੀ ਆ ਤੇ ਜਿੰਨੀ ਕਿਸੇ ਦੀ ਗਿਣਤੀ ਭਾਰੀ...ਉਨੀ ਹੀ ਦਾਵੇਦਾਰੀ ਹੁੰਦੀ ਹੈ ਲ ਅਕਲਾ ਨੂੰ ਹੱਥ ਮਾਰੋ...ਤੱਥਾਗਤ ਬੁੱਧ ਤੇ ਸਤਿਗੁਰੂ ਰਵਿਦਾਸ ਮਹਾਰਾਜ ਅਲੱਗ -ਅਲੱਗ ਨਹੀਂ ਬਲਕਿ ਵਿਚਾਰਧਾਰਾ ਚ ਇਕੋ ਹੀ ਮਾਲਾ ਦੇ ਮੋਤੀ ਹਨ ।





ਜੈ ਭੀਮ... ਨਮੋ ਬੁੱਧਾਏ

**ਪ੍ਰਿਆ ਅੰਬੇਦਕਰ**

# ਪਿੰਡ ਕਰਨਾਣਾ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਨ ਮਨਾਇਆ ਗਿਆ







**ਬੰਗਾ ( ਚਰਨਜੀਤ ਸੱਲ੍ਹਾ )** ਪਿੰਡ ਕਰਨਾਣਾ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ 135 ਵਾਂ ਜਨਮ ਦਿਨ ਬਹੁਤ ਹੀ ਚਾਵਾਂ ਅਤੇ ਮਿਸ਼ਨਰੀ ਭਾਵਨਾ ਨੂੰ ਅੱਗੇ ਰੱਖਕੇ ਮਨਾਇਆ ਗਿਆ। ਜਿਸ ਵਿੱਚ ਪਰਮਜੀਤ ਦੁਸਾਂਝ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਸਮਾਜ ਪ੍ਰਤੀ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਅੱਗੇ ਤੋਂ ਜੋ ਬਾਬਾ ਸਾਹਿਬ ਚਾਹੁੰਦੇ ਸਨ ਉਸ ਮਿਸ਼ਨ ਨੂੰ ਪੂਰਾ ਕਰਨ ਲਈ ਆਪਣੀਆਂ ਜਾਨਾਂ ਦੀ ਵੀ ਪ੍ਰਵਾਹ ਨਹੀਂ ਕਰਨੀ ਚਾਹੀਦੀ। ਅਸੀਂ ਅੱਜ ਜੋ ਵੀ ਹਾਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀਆਂ ਕੁਰਬਾਨੀਆਂ ਕਰਕੇ ਹੀ ਹਾਂ। ਕਲਾਂ ਕੇਂਦਰ ਫਗਵਾੜਾ ਦੀ ਟੀਮ ਵੱਲੋਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨਾਲ ਬੀਤੀਆਂ ਯਾਦਾਂ ਨੂੰ ਤਾਜ਼ਾ ਕਰਨ ਤੇ ਉਨ੍ਹਾਂ ਵੱਲੋਂ ਦਿੱਤੇ ਪੜ੍ਹੋ,ਜੁੜੋ ਅਤੇ ਸੰਘਰਸ਼ ਕਰੋ ਦੇ ਨਾਅਰਿਆਂ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਨਾ ਚਾਹੀਦਾ ਹੈ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਜ਼ਿੰਦਗੀ



ਦਾ ਸੱਚ ਦੇਖ ਕੇ ਕਈ ਔਰਤਾਂ ਅਤੇ ਮਰਦਾਂ ਕੋਲੋਂ ਆਪਣੇ ਹੰਝੂ ਰੋਕ ਨਹੀਂ ਹੋਏ। ਇਸ ਮੌਕੇ ਤੇ ਪੜ੍ਹਾਈ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਅਤੇ ਖਿਡਾਰੀਆਂ ਦਾ ਸਨਮਾਨ ਕੀਤਾ ਗਿਆ। ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਅੱਗੇ ਤੋਂ ਹੋਰ ਜ਼ਿਆਦਾ ਪੜ੍ਹਾਈ ਅਤੇ ਖੇਡਾਂ ਵਿੱਚ ਚੰਗੇ ਨੰਬਰਾਂ ਤੇ ਸਥਾਂਨ ਪ੍ਰਾਪਤ ਕਰਨ ਲਈ ਕਿਹਾ ਗਿਆ। ਇਸ ਮੌਕੇ ਤੇ ਚੇਅਰਮੈਨ ਬਲਬੀਰ ਸਿੰਘ ਕਰਨਾਣਾ, ਸੁਰਿੰਦਰ ਲਾਖਾ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਗੁਰਦੁਆਰਾ ਸਾਹਿਬ,ਪੰਚ ਸੁਰਿੰਦਰ, ਜਗਤਾਰ ਨਰ, ਪਰਮਜੀਤ ਫੌਜੀ, ਕੈਸ਼ੀਅਰ ਅਵਤਾਰ ਲਾਖਾ, ਸੁੱਚਾ ਸਿੰਘ ਲਾਖਾ,ਸੀਤਲ ਦਾਸ, ਸਾਬਕਾ ਪੰਚ ਪਰਮਜੀਤ ਲੱਧੜ,ਪੰਚ ਮਨੀ ਲਾਖਾ ਅਤੇ ਬੱਚਿਆਂ ਤੇ ਨੌਜਵਾਨਾਂ ਦੀ ਹਾਜ਼ਰੀ ਦੇਖਣ ਯੋਗ ਸੀ। ਸੁਰਿੰਦਰ ਸਿੰਘ ਲਾਖਾ ਸਟੇਜ ਸਕੱਤਰ ਦੀ ਭੂਮਿਕਾ ਬਾਖੂਬੀ ਨਿਭਾਈ।

# ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹੇ ਭਰ 'ਚ ਲਗਾਏ ਜਾਣਗੇ 6.50 ਲੱਖ ਬੂਟੇ


**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹੇ ਵਿੱਚ 6.50 ਲੱਖ ਬੂਟੇ ਲਗਾਏ ਜਾਣਗੇ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਵੱਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹੇ ਭਰ ਵਿੱਚ 6.50 ਲੱਖ ਬੂਟੇ ਲਗਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਤੇਜਦੀਪ ਸਿੰਘ ਸੈਣੀ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਮਿੰਨੀ ਫਾਰੈਸਟ, ਮੈਡੀਸਨਲ ਪਲਾਂਟੇਸ਼ਨ, ਫਲਦਾਰ ਤੇ ਫੁੱਲਦਾਰ ਬੂਟੇ ਲਗਾਉਣ ਦੇ



ਨਾਲ-ਨਾਲ ਟਿੰਬਰ ਕਿਸਮਾਂ ਵੱਖ-ਵੱਖ ਵਿਭਾਗਾਂ ਪਾਸ ਉਪਲਬਧ ਥਾਵਾਂ 'ਤੇ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਬੂਟੇ ਵਣ ਵਿਭਾਗ ਵੱਲੋਂ ਸਪਲਾਈ ਕੀਤੇ ਜਾਣਗੇ ਅਤੇ ਬੂਟੇ ਲਗਾਉਣ ਦਾ ਕੰਮ ਕਰਵਾਉਣ ਦਾ ਜ਼ਿੰਮਾ ਅਤੇ ਉਸਦੀ ਦੇਖ-ਰੇਖ ਸਬੰਧਿਤ ਵਿਭਾਗ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਇਸ ਮੌਕੇ ਵੱਖ-ਵੱਖ ਵਿਭਾਗਾਂ ਨੂੰ ਬੂਟਿਆਂ ਦੀ ਮੰਗ ਸਮੇਤ ਪੌਦੇ ਲਗਾਉਣ ਵਾਲੀ ਜਗ੍ਹਾ ਦਾ ਵੇਰਵਾ 10 ਦਿਨਾਂ ਦੇ ਅੰਦਰ-ਅੰਦਰ ਭੇਜਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਬੂਟੇ ਸਪਲਾਈ ਕਰਨ ਅਤੇ ਲਗਾਉਣ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਵਿੱਚ ਉਪਲਬਧ ਪੰਚਾਇਤੀ ਜ਼ਮੀਨ 'ਤੇ ਜੰਗਲ ਵੀ ਲਗਾਏ ਜਾਣਗੇ, ਜਿਸ ਦੀ ਦੇਖ-ਰੇਖ ਪੰਚਾਇਤ ਵੱਲੋਂ ਕੀਤੀ ਜਾਵੇਗੀ। ਮੀਟਿੰਗ ਦੌਰਾਨ ਵਣ ਮੰਡਲ ਅਫ਼ਸਰ ਵੱਲੋਂ ਰੁੱਖ ਸੰਭਾਲ ਨੀਤੀ 2024 ਤਹਿਤ ਸਮੂਹ ਵਿਭਾਗਾਂ ਨੂੰ ਸਰਕਾਰੀ ਅਤੇ ਅਰਧ ਸਰਕਾਰੀ ਜ਼ਮੀਨ ਉੱਪਰ ਖੜ੍ਹੇ ਦਰਖਤਾਂ ਦੀ ਸ਼ੁਮਾਰੀ/ਗਿਣਤੀ ਕਰਵਾਉਣ ਲਈ ਵੀ ਕਿਹਾ ਗਿਆ। ਮੀਟਿੰਗ ਵਿੱਚ ਸਮੂਹ ਐਸ.ਡੀ.ਐਮਜ਼, ਵਣ ਮੰਡਲ ਅਫ਼ਸਰ ਜਲੰਧਰ, ਫਿਲੌਰ ਜਰਨੈਲ ਸਿੰਘ, ਵਣ ਰੇਂਜ ਅਫ਼ਸਰ ਜਲੰਧਰ ਹਰਗੁਰਨੇਕ ਸਿੰਘ, ਵਣ ਬਲਾਕ ਅਫ਼ਸਰ ਗੁਰਬਖਸ਼ ਰਾਮ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਹੁਸ਼ਿਆਰਪੁਰ ਜ਼ਿਲ੍ਹੇ ਦੇ 1300 ਦਵਾਈ ਵੇਚਣ ਵਾਲੇ 20 ਮਈ ਨੂੰ ਆਲ ਇੰਡੀਆ ਦੀ ਦੇਸ਼ ਵਿਆਪੀ ਕੈਮਿਸਟਾਂ ਦੀ ਹੜਤਾਲ ਵਿੱਚ ਸ਼ਾਮਲ ਹੋਣਗੇ : ਰਮਨ ਸ਼ਰਮਾ

**ਹੁਸ਼ਿਆਰਪੁਰ 11 ਮਈ (ਤਰਸੇਮ ਦੀਵਾਨਾ)** - ਜ਼ਿਲ੍ਹਾ ਕੈਮਿਸਟਾਂ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਮਨ ਸ਼ਰਮਾ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ 1300 ਦਵਾਈ ਵੇਚਣ ਵਾਲੇ 20 ਮਈ ਨੂੰ ਆਲ ਇੰਡੀਆ ਦੀ ਦੇਸ਼ ਵਿਆਪੀ ਕੈਮਿਸਟਾਂ ਦੀ ਹੜਤਾਲ ਵਿੱਚ ਸ਼ਾਮਲ ਹੋਣਗੇ। ਉਨ੍ਹਾਂ ਨੇ ਸਾਰੇ ਕੈਮਿਸਟਾਂ ਤੋਂ ਅਪੀਲ ਕੀਤੀ ਕਿ 20 ਮਈ ਨੂੰ ਦਵਾਈਆਂ ਦੀਆਂ ਸਾਰੀਆਂ ਦੁਕਾਨਾਂ ਬੰਦ ਰੱਖਣ ਦਾ ਫੈਸਲਾ ਲਿਆ ਗਿਆ ਹੈ। ਜਿਸ ਦਾ ਕਾਰਨ ਨਕਲੀ ਅਤੇ ਨਸ਼ੀਲੀਆਂ ਆਨਲਾਈਨ ਦਵਾਈਆਂ ਦੀ ਵਿਕਰੀ ਬੰਦ ਕੀਤੀ ਜਾਵੇ ਅਤੇ ਕਾਰ-ਪੋਰੇਟ ਕੰਪਨੀ ਦੀ ਮਨਮਾਨੀ ਬੰਦ ਕਰਨ ਦੀ ਮੰਗ ਕੀਤੀ ਗਈ ਹੈ। ਜਿਸ ਨਾਲ ਕੈਮਿਸਟਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿੱਚ ਸਰਕਾਰ ਨੂੰ ਸਾਡੀਆਂ ਮੰਗਾਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਦਵਾਈਆਂ ਵੇਚਣ ਅਤੇ ਖਰੀਦਣ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਆਨਲਾਈਨ ਰਾਹੀਂ ਗਾਹਕਾਂ ਨੂੰ ਨਕਲੀ ਅਤੇ ਨਸ਼ੀਲੀਆਂ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ ਜਿਸ ਨਾਲ ਉਨ੍ਹਾਂ ਦੀ ਸਿਹਤ 'ਤੇ ਬੁਰਾ ਪ੍ਰਭਾਵ ਪੈ ਰਿਹਾ



ਹੈ। ਬਿਨਾਂ ਡਾਕਟਰ ਦੀ ਪਰਚੀ ਅਤੇ ਸਲਾਹ ਦੇ ਬਿਨਾਂ ਦਵਾਈਆਂ ਲੈਣਾ ਸਿਹਤ ਲਈ ਘਾਤਕ ਹੋ ਸਕਦਾ ਹੈ। ਆਨਲਾਈਨ ਦਵਾਈਆਂ ਦੇ ਲਾਇਸੈਂਸ ਅਤੇ ਟੈਂਪਰੇਚਰ ਅਤੇ ਸਟੈਂਡਰਡ ਸਹੀ ਨਹੀਂ ਹੋ ਸਕਦਾ ਜਿਸ ਨਾਲ ਮਰੀਜ਼ ਦੀ ਸਿਹਤ 'ਤੇ ਬੁਰਾ ਅਸਰ ਪੈ ਸਕਦਾ ਹੈ। ਇਹ ਦਵਾਈਆਂ ਕਿੱਥੋਂ ਆਈਆਂ, ਕਿੱਥੇ ਵੇਚੀਆਂ ਗਈਆਂ ਇਸ ਦਾ ਬਿੱਲ ਵਗੈਰਾ ਨਹੀਂ ਹੈ, ਇਸ ਦੀ ਗੁਣਵੱਤਾ ਕਿੱਥੋਂ ਆਵੇਗੀ। ਇਸ ਹੜਤਾਲ ਵਿੱਚ ਦੇਸ਼ ਦੇ 12,40,000 ਅਤੇ ਪੰਜਾਬ ਦੇ 27,800 ਦਵਾਈ ਵੇਚਣ ਵਾਲੇ ਭਾਗ ਲੈਣਗੇ। ਇਸ ਸਬੰਧੀ ਜ਼ਿਲ੍ਹਾ ਪ੍ਰਧਾਨ ਦੀ ਸਰਪ੍ਰਸਤੀ ਹੇਠ ਜ਼ਿਲ੍ਹਾ ਕੈਮਿਸਟ ਦੇ ਸਮੂਹ ਅਹੁਦੇਦਾਰ, ਮੈਂਬਰ ਪਾਰਲੀਮੈਂਟ ਡਾ. ਰਾਜਕੁਮਾਰ, ਸਿਵਲ ਸਰਜਨ ਹੁਸ਼ਿਆਰਪੁਰ ਅਤੇ ਡਰੱਗਜ਼ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਮੈਮੋਰੰਡਮ ਦਿੱਤੇ ਜਾਣਗੇ।

# ਜੇ ਐਸ ਟੀ ਟਰੱਕ ਪਰਮਿਟ--ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਦੂਜਾ ਦਿਨ

## ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਅਤੇ ਘਵੱਦੀ ਵਲੋਂ,ਜੂਨੀਅਰ ਵਰਗ ‘ਚ ਕਿਲ੍ਹਾ ਰਾਇਪੁਰ,ਅਤੇ ਚਚਰਾੜੀ ਵੱਲੋਂ ਜੇਤੂ ਸ਼ੁਰੂਆਤ

**ਲੁਧਿਆਣਾ 11ਮਈ (ਹਰਜਿੰਦਰ ਪਾਲ ਛਾਬੜਾ)** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 16ਵੇਂ ਜੇ ਐਸ ਟੀ ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਦਿਨ ਬਹੁਤ ਹੀ ਰੋਮਾਂਚਿਕ ਅਤੇ ਸੰਘਰਸ਼ਪੂਰਨ ਹਾਕੀ ਮੁਕ-ਾਬਲੇ ਵੇਖਣ ਨੂੰ ਮਿਲੇ। ਅੱਜ ਦੂਜੇ ਦਿਨ ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਅਤੇ ਘਵੱਦੀ ਕਲੱਬ ਵੱਲੋਂ ਜੂਨੀਅਰ ਵਰਗ ਵਿੱਚ ਕਿਲਾ ਰਾਇਪੁਰ ਅਤੇ ਜੀ ਟੀ ਬੀ ਅਕੈਡਮੀ ਚਚਰਾੜੀ ਵੱਲੋਂ ਆਪੋ ਆਪਣੇ ਮੈਚਾ ਦੀ ਜੇਤੂ ਸ਼ੁਰੂਆਤ ਕੀਤੀ ਗਈ।ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਦਿਨ ਗੁਰਦੀਪ ਸਿੰਘ ਗਰੇਵਾਲ ਜਿਲ੍ਹਾ ਖੇਡ ਅਫਸਰ ਫਿਰੋਜ਼ਪੁਰ, ਅਮਰੀਕ ਸਿੰਘ ਮਿਨਹਾਸ ਏ ਆਈ ਜੀ ਪੁਲੀਸ, ਸਰਬਜੀਤ ਸਿੰਘ ਬੱਲ ਕੈਨੇਡਾ, ਨੇ ਮੁੱਖ ਮਹਿਮਾਨ ਵਜੋਂ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਸਾਹਿਬ ਜੀਤ ਸਿੰਘ ਸਾਬੀ ਚੇਅਰਮੈਨ ਬਲਾਕ ਸੰਮਤੀ ਡੇਹਲੋਂ, ਕੁਲਦੀਪ ਸਿੰਘ ਘਵੱਦੀ, ਗੁਰਸਤਿੰਦਰ ਸਿੰਘ ਪਰਗਟ, ਸ਼ਿੰਗਾਰਾ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਬੂਟਾ ਸਿੰਘ ਸਿੱਧੂ, ਦਲਵੀਰ ਸਿੰਘ ਜਰਖੜ , ਪਵਨਪ੍ਰੀਤ ਸਿੰਘ ਡੰਗੋਰਾ ਰਘਵੀਰ ਸਿੰਘ ਡੰਗੋਰਾ, ਪਰਮਜੀਤ ਸਿੰਘ ਗਰੇਵਾਲ





ਗੁਰਵਿੰਦਰ ਸਿੰਘ ਗਰੇਵਾਲ, ਅਜੀਤਪਾਲ ਸਿੰਘ ਨਾਰੰਗਵਾਲ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿੱਚ 16 ਟੀਮਾਂ ਹਿੱਸਾ ਲੈ ਰਹੀਆਂ ਹਨ । ਅੱਜ ਦੇ ਮੁੱਢਲੇ ਮੈਚ ਵਿੱਚ ਜੂਨੀਅਰ ਵਰਗ ਵਿੱਚ ਕਿਲ੍ਹਾ ਰਾਇਪੁਰ ਨੇ ਸੰਗਰੂਰ ਨੂੰ 3-3 ਗੋਲਾਂ ਦੀ ਬਰਾਬਰੀ ਤੋਂ ਬਾਅਦ ਸ਼ੂਟ ਆਊਟ ਵਿੱਚ 4-2 ਨਾਲ ਹਰਾਇਆ। ਦੂਜੇ ਮੈਚ ਵਿੱਚ ਗੁਰੂ ਤੇਗ਼ ਬਹਾਦਰ ਅਕਾਦਮੀ ਦੀ ਨੇ ਜਰਖ਼ੜ ਅਕੈਡਮੀ ਨੂੰ 7-3 ਗੋਲਾਂ ਹਰਾਇਆ। ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਯੰਗ ਕਲੱਬ ਉਟਾਲਾ ਨੂੰ 10-4 ਗੋਲਾਂ ਦੀ ਕਰਾਰੀ ਮਾਤ ਦਿੱਤੀ, ਮਨਵਦੀਪ ਸਿੰਘ ਜਿੱਤ ਦਾ ਪ੍ਰਮੁੱਖ ਹੀਰੋ ਰਿਹਾ। ਦੂਜੇ ਮੈਚ ਵਿੱਚ ਗਿੱਲ ਕਲੱਬ ਘਵੱਦੀ ਨੇ ਲੁਧਿਆਣਾ ਸਪੋਰਟਸ ਕਲੱਬ ਨੂੰ 8-2 ਗੋਲਾਂ ਨਾਲ ਹਰਾਇਆ।ਟੂਰਨਾਮੈਂਟ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਦੂਸਰੇ ਗੇੜ ਦੇ ਮੁਕਾਬਲੇ 16 ਅਤੇ 17 ਮਈ ਦਿਨ ਸਨਿਚਰਵਾਰ ਅਤੇ ਐਤਵਾਰ ਨੂੰ ਹੋਣਗੇ । ਦੋਨੋਂ ਦਿਨ 4-4 ਮੈਚ ਖੇਡੇ ਜਾਣਗੇ । 17 ਮਈ ਨੂੰ ਓਲੰਪੀਅਨ ਪ੍ਰਿਥੀਪਾਲ ਸਿੰਘ ਹੋਰਾਂ ਦੇ 43ਵੀਂ ਬਰਸੀ ਬਹੁਤ ਹੀ ਸ਼ਰਧਾ ਅਤੇ ਖੇਡ ਭਾਵਨਾ ਦੇ ਸਤਿਕਾਰ ਨਾਲ ਮਨਾਈ ਜਾਵੇਗੀ। ਜਗਰੂਪ ਸਿੰਘ ਜਰਖੜ 98143-00722

# ਜਨਗਣਨਾ ਫਾਰਮ ਵਿੱਚ ਐਸਸੀ ਸਮਾਜ ਲਈ ਇਤਰਾਜਯੋਗ ਸ਼ਬਦਾ ਦੀ ਵਰਤੋਂ ਕਰਨਾ ਭਾਰਤੀ ਸੰਵਿਧਾਨ ਦੇ ਖਿਲਾਫ ਹੈ : ਬੇਗਮਪੁਰਾ ਟਾਈਗਰ ਫੋਰਸ

## ਅਜਿਹੇ ਸ਼ਬਦਾਂ ਦੀ ਵਰਤੋਂ ਸੱਤਾਧਾਰੀ ਹਾਕਮਾਂ ਦੀ ਜਾਤੀਵਾਦੀ ਮਾਨਸਿਕਤਾ ਨੂੰ ਉਜਾਗਰ ਕਰਦੀ ਹੈ : ਠਰੋਲੀ,ਹੈਪੀ,ਬੰਟੀ

**ਹੁਸ਼ਿਆਰਪੁਰ 11 ਮਈ ( ਤਰਸੇਮ ਦੀਵਾਨਾ )** - ਬੇਗਮ-ਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਤੇ ਕੌਮੀ ਪ੍ਰਧਾਨ ਧਰਮਪਾਲ ਸਾਹ-ਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਅਤੇ ਜਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ ਅਤੇ ਬੰਟੀ ਹਰਿਆਣਾ ਪ੍ਰਧਾਨ ਹਲਕਾ ਸ਼ਾਮ 84 ਦੀ ਪ੍ਰਧਾਨਗੀ ਹੇਠ ਏ ਡੀ ਸੀ ਗੁਰਪ੍ਰੀਤ ਕੌਰ ਨੂੰ ਮੁੱਖ ਮੰਤਰੀ ਦੇ ਨਾਮ ਤੇ ਇੱਕ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਵਿੱਚ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਜਨਗਣਨਾ ਲਈ ਜਾਰੀ ਕੀਤੇ ਫਾਰਮ ਵਿੱਚ ਜਾਤੀ ਕਾਲਮ ਭਰਨ ਲਈ ਅਨੁਸੂਚਿਤ ਜਾਤੀਆਂ ਨੂੰ ਅਪਮਾਨਿਤ ਕਰਨ ਵਾਲੇ ਅਤੇ ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਪਾਬੰਦੀਸ਼ੁਦਾ ਸ਼ਬਦ ਦਰਜ ਕਰਕੇ ਮਜਬੀ ਸਿੱਖਾਂ ਅਤੇ ਬਾਲਮੀਕ ਸਮਾਜ ਦੀਆ ਭਾਵਨਾਵਾਂ ਨੂੰ ਠੇਸ



ਪਹੁੰਚਾਈ ਹੈ ਜੋ ਕਿ ਭਾਰਤੀ ਸੰਵਿਧਾਨ ਦੇ ਖਿਲਾਫ ਹੈ। ਉਹਨਾਂ ਕਿਹਾ ਕਿ ਸਰਕਾਰੀ ਦਸਤਾਵੇਜ਼ਾਂ ਵਿੱਚ ਅਜਿਹੇ ਸ਼ਬਦਾਂ ਦੀ ਵਰਤੋਂ ਸੱਤਾਧਾਰੀ ਹਾਕਮਾਂ ਤੇ ਉੱਚ ਅਧਿਕਾਰੀਆਂ ਦੀ ਜਾਤੀਵਾਦੀ ਮਾਨਸਿਕਤਾ ਨੂੰ ਉਜਾਗਰ ਕਰਦੀ ਹੈ। ਉਹਨਾਂ ਕਿਹਾ ਕਿ ਭਾਰਤ ਨੂੰ ਆਜ਼ਾਦ ਨੂੰ ਹੋਇਆ ਲਗਭਗ 80 ਵਰ੍ਹੇ ਬੀਤ ਜਾਣ ਦੇ ਬਾਵਜੂਦ ਵੀ ਜਨਰਲ ਸਮਾਜ ਦੀ ਐਸਸੀ ਸਮਾਜ ਪ੍ਰਤੀ ਸੋਚ ਘਿਰਣਾ ਵਾਲੀ ਹੈ,ਜੋ ਕਿ ਬਹੁਤ ਹੀ ਮਾੜੀ ਗੱਲ ਹੈ। ਉਹਨਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਫਾਰਮ ਪਾਸ ਕਾਰਨ ਵਾਲੇ ਅਧਿਕਾਰੀਆਂ ਉੱਪਰ ਐਸੀ ਐਸਟੀ ਐਕਟ ਦੇ ਤਹਿਤ ਐਫਆਈਆਰ ਦਰਜ ਕਰਕੇ ਕੀਤੀ ਜਾਵੇ ਅਤੇ ਜਨਗਣਨਾ ਫਾਰਮ ਵਿੱਚ ਇਤਰਾਜਯੋਗ ਸ਼ਬਦਾਂ ਨੂੰ ਤੁਰੰਤ ਹਟਾਇਆ ਜਾਵੇ । ਉਹਨਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਅਜਿਹਾ ਨਹੀਂ ਕੀਤਾ ਤਾਂ ਇਸ ਮੁੱਦੇ ਤੇ ਜਲਦੀ ਹੀ ਪੰਜਾਬ ਦੀਆਂ ਐਸਸੀ ਸਮਾਜ ਦੀਆ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਕਰਕੇ ਸਰਕਾਰ ਖਿਲਾਫ ਤਿੱਖੇ ਅੰਦੋਲਨ ਦਾ ਐਲਾਨ ਕੀਤਾ ਜਾਵੇਗਾ, ਜਿਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਉਹਨਾਂ ਨੇ ਐਸਸੀ ਸਮਾਜ ਨੂੰ ਇੱਕ ਜੁੱਟ ਹੋਣ ਦੀ ਅਪੀਲ ਕੀਤੀ ਤਾਂ ਜੋ ਆਰ. ਐਸ. ਐਸ. ਦੀ ਬ੍ਰਾਹਮਣਵਾਦੀ ਸੋਚ ਦਾ ਡੱਟ ਕੇ ਮੁਕਾਬਲਾ ਕੀਤਾ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਸੁੰਦਰ ਨਗਰ, ਸ਼ੰਮੀ ਬਿਰਦੀ ਪੁਰਹੀਰਾਂ, ਬੰਟੀ, ਰੋਹਿਤ ਨਾਰਾ ਡਾਡਾ, ਆਦਿ ਹਾਜ਼ਰ ਸਨ !

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਜੀਵਨ ਤੇ ਤੀਜਾ ਸੈਮੀਨਾਰ ਹੋਵੇਗਾ ਪੰਜਾਬੀ ’ਵਰਸਿਟੀ ਵਿਚ

## 17 ਮਈ ਨੂੰ ਹੋਣ ਵਾਲੇ ਸੈਮੀਨਾਰ ਦਾ ਸੱਦਾ ਪੱਤਰ ਕੀਤਾ ਰਿਲੀਜ਼

**ਹੁਸ਼ਿਆਰਪੁਰ 11 ਮਈ ( ਤਰਸੇਮ ਦੀਵਾਨਾ )** ਬਾਣੀ ਵਿਚਾਰ ਚੇਤਨਾ ਮੰਚ ਰਜਿ. ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰ-ਾਜ ਜੀ ਦੀ ਬਾਣੀ ਤੇ ਜੀਵਨ ਤੇ ਸਿਧਾਂਤਾਂ ਨਾਲ ਸਬੰਧਿਤ ਅਕਾਦਮਿਕ ਅਤੇ ਅਧਿਆਤਮਕ ਤੌਰ ਤੇ ਹੋਣ ਵਾਲਾ ਤੀਜਾ ਸੈਮੀਨਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ‘ਵਰਲਡ ਪੰਜਾਬੀ ਸੈਂਟਰ’ ਦੇ ਸੈਮੀਨਾਰ ਹਾਲ ਵਿਖੇ ਹੋਵੇਗਾ। ਇਸ ਸੈਮੀਨਾਰ ਦੇ ਕੋਆਰਡੀਨੇਟਰ ਪਰਮਿੰਦਰ ਸਿੰਘ ਰਾਏਪੁਰ ਵੱਲੋਂ ਕੀਤੇ ਜਾ ਰਹੇ ਪ੍ਰਬੰਧਾਂ ਦੇ ਮੱਦੇਨਜ਼ਰ ਅੱਜ ਪਟਿਆਲਾ ਦੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਵਿਚ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿਚ ਸੈਮੀਨਾਰ ਦਾ ਸੱਦਾ ਪੱਤਰ ਰਿਲੀਜ਼ ਕੀਤਾ ਗਿਆ। ਬਾਣੀ ਵਿਚਾਰ ਚੇਤਨਾ ਮੰਚ ਰਜਿ. ਵੱਲੋਂ ਕਰਵਾਏ ਜਾ ਰਹੇ ਸੈਮੀਨਾਰਾਂ ਦੀ ਲੜੀ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਅਸੀਂ ਲੁਧਿਆਣਾ ਤੇ ਜਲੰਧਰ ਵਿਖੇ ਸੈਮੀਨਾਰ ਕਰਵਾ ਚੁੱਕੇ ਹਾਂ, ਜਦ ਕਿ ਤੀਜਾ ਸੈਮੀਨਾਰ ਪਟਿਆਲਾ ਪੰਜਾਬੀ ਯੂਨੀਵਰਸਿਟੀ ਵਿਚ 17 ਮਈ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਹੋ ਰਿਹਾ ਹੈ। ਇਸ ਸੈਮੀਨਾਰ ਵਿਚ ਦਿਲੀ ਯੂਨੀਵਰਸਿਟੀ ਦੇ ਪ੍ਰੋ. ਡਾ. ਰੰਜੂ ਬਾਲਾ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਮੁੱਖ



ਪੇਪਰ ਪੜ੍ਹਨਾ ਹੈ, ਜਦ ਕਿ ਕੁੰਜੀਵਤ ਭਾਸ਼ਣ ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਾਜਿੰਦਰਪਾਲ ਸਿੰਘ ਬਰਾੜ ਦੇਣਗੇ। ਇਸ ਸੈਮੀਨਾਰ ਦਾ ਸਵਾਗਤੀ ਭਾਸ਼ਣ ਪੰਜਾਬੀ ਯੂਨੀਵਰਸਿਟੀ ਦੇ ਯੂਥ ਵੈੱਲਫੇਅਰ ਵਿਭਾ ਗ ਦੇ ਮੁਖੀ ਤੇ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਭੀਮ ਇੰਦਰ ਸਿੰਘ ਦੇਣਗੇ। ਉਹਨਾਂ ਦੱਸਿਆ ਕਿ ਚੌਥਾ ਸੈਮੀਨਾਰ 31 ਮਈ ਨੂੰ ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਜਾਤੀਵਾਲ ਕਰਨਗੇ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਮੰਦਰ ਵਿਚ ਮੀਟਿੰਗ ਬਾਣੀ ਵਿਚਾਰ ਚੇਤਨਾ ਮੰਚ ਦੇ ਜ਼ਿਲ੍ਹਾ ਪਟਿਆਲਾ ਦੇ ਪ੍ਰਧਾਨ ਡਾ. ਗੁਰਮੀਤ ਸਿੰਘ ਕਲਰਮਾਜਰੀ ਦੀ ਪ੍ਰਧਾਨਗੀ ਵਿਚ ਹੋਈ। ਜਿਸ ਵਿਚ ਅਮਰਜੀਤ ਸਿੰਘ ਸੂਬਾ ਜਨਰਲ ਸਕੱਤਰ, ਬੁੱਧੀਜੀਵੀ ਬਲਵਿੰਦਰ ਸਿੰਘ ਭੱਟੀ, ਗੁਰਬਖ਼ਸ਼ ਸਿੰਘ, ਹਰਬੰਸ ਸਿੰਘ, ਸਤਵਿੰਦਰ ਸਿੰਘ ਪ੍ਰਚਾਰ ਸਕੱਤਰ, ਨਾਭਾ ਸੈਮੀਨਾਰ ਦੇ ਕੋਆਰਡੀਨੇਟਰ ਪ੍ਰੋ. ਅਮਰ ਸਿੰਘ ਟੋਡਰਵਾਲ, ਰਘਬੀਰ ਸਿੰਘ, ਰਾਜਨ, ਗੁਰਮੀਤ ਸਿੰਘ ਤੋਂ ਇਲਾਵਾ ਹੋਰ ਕਈ ਸਾਰੇ ਮੈਂਬਰ ਆਨ ਲਾਇਨ ਵੀ ਮੀਟਿੰਗ ਵਿਚ ਹਾਜ਼ਰ ਹੋਏ। ਅੱਜ ਦੀ ਮੀ ਟਿੰਗ ਦੇ ਸ਼ੁਰੂ ਹੋਣ ਸਮੇਂ ਉੱਘੇ ਲੇਖਕ ਚੰਨ ਗੁਰਾਇਆ ਵਾਲਾ ਦੇ ਨਾਮ ਤੇ ਦੋ ਮਿੰਟ ਦਾ ਮੋਨ ਵੀ ਰੱਖਿਆ ਗਿਆ।

**ਫੋਟੋ ਅਜਮੇਰ ਦੀਵਾਨਾ**

# ਅਜੋਕੇ ਸਮੇਂ ’ਚ ਸਮਝਦਾਰੀ ਨਾਲ ਨਿਵੇਸ਼ ਕਰਨਾ ਬੇਹੱਦ ਜ਼ਰੂਰੀ : ਪਰਮਜੀਤ ਸੱਚਦੇਵਾ

## ਆਰੀਆ ਭੱਟ ਕਾਲਜ ਵਿਖੇ ਵਿਦਿਆਰਥੀਆਂ ਨੂੰ ਨਿਵੇਸ਼ ਕਰਨ ਦੇ ਗੁਰ ਸਿਖਾਏ

**ਹੁਸ਼ਿਆਰਪੁਰ 11 ਮਈ ( ਤਰਸੇਮ ਦੀਵਾਨਾ )** – ਆਰੀਆ ਭੱਟ ਗਰੁੱਪ ਆਫ ਇੰਸਟੀਚਿਊਟਸ ਬਰਨਾਲਾ ਵਿਖੇ ਕਾਮਰਸ ਐਂਡ ਮੈਨੇਜਮੈਂਟ ਵਿਭਾਗ ਵੱਲੋਂ ਇੱਕ ਪ੍ਰੇਰਨਾਦਾਇਕ ਅਤੇ ਜਾਣਕਾਰੀ ਭਰਪੂਰ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਸੱਚਦੇਵਾ ਸਟਾਕਸ ਪ੍ਰਾਈਵੇਟ ਲਿਮਟਿਡ ਦੇ ਮੈਨੇਜਿੰਗ ਡਾਇਰੈਕਟਰ ਅਤੇ ਨੈਸ਼ਨਲ ਸਟਾਕ ਐਕਸਚੇਂਜ ਅਤੇ ਬੰਬੇ ਸਟਾਕ ਐਕਸਚੇਂਜ ਦੇ ਮੈਂਬਰ ਪਰਮਜੀਤ ਸਿੰਘ ਸੱਚਦੇਵਾ ਨੇ ਵਿਦਿਆਰਥੀਆਂ ਨੂੰ ਸਟਾਕ ਮਾਰਕੀਟ ਅਤੇ ਮਿਊਚੁਅਲ ਫੰਡਾਂ ਰਾਹੀਂ ਆਮਦਨ ਵਧਾਉਣ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਇਸ ਮੌਕੇ ਉਨ੍ਹਾਂ ਨੇ ਆਪਣੇ ਜੀਵਨ ਦੌਰਾਨ ਪ੍ਰਾਪਤ ਕੀਤੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਅਜੋਕੇ ਯੁੱਗ ਵਿੱਚ ਸਿਰਫ ਕਮਾਈ ਕਰਨਾ ਹੀ ਨਹੀਂ, ਸਗੋਂ ਸਮਝਦਾਰੀ ਨਾਲ ਨਿਵੇਸ਼ ਕਰਨਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਲੰਬੇ ਸਮੇਂ ਦੀ ਸੋਚ ਨਾਲ ਨਿਵੇਸ਼ ਕਰਨ, ਵਿੱਤੀ ਅਨੁਸ਼ਾਸਨ ਅਪਣਾਉਣ ਅਤੇ ਧੀਰਜ ਨਾਲ ਧਨ ਸਿਰਜਣ ਦੀ ਮਹੱਤਤਾ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਵਿਕਾਸ ਗੋਇਲ ਸੈਕਟਰੀ ਇੰਡਸਟਰੀਅਲ ਚੈਂਬਰ ਬਰਨਾਲਾ ਅਤੇ ਦਿਨੇਸ਼ ਕੁਮਾਰ ਮੋਚਰ ਇੰਡਸਟਰੀਅਲ ਚੈਂਬਰ ਨੇ




ਕਿਹਾ ਕਿ ਅੱਜ ਦੇ ਸਮੇਂ ਵਿੱਚ ਉਦਯੋਗ ਅਤੇ ਵਿੱਤੀ ਸਿੱਖਿਆ ਇੱਕ ਦੂਜੇ ਨਾਲ ਗਹਿਰੇ ਤੌਰ ’ਤੇ ਜੁੜੇ ਹੋਏ ਹਨ। ਇਸ ਮੌਕੇ ਆਰੀਆ ਭੱਟ ਦੇ ਚੇਅਰਮੈਨ ਇੰ. ਰਾਕੇਸ਼ ਗੁਪਤਾ ਅਤੇ ਰਾਜੀਵ ਮੰਗਲਾ, ਵਿੱਕੀ ਸਿੰਗਲ, ਇੰਦਰਪਾਲ ਗੋਇਲ, ਹਰਭਜਨ ਸਿੰਘ, ਮੋਹਿਤ ਮੰਗਲਾ ਅਤੇ ਅਸ਼ਵਨੀ ਸਿੰਗਲਾ ਨੇ ਕਿਹਾ ਕਿ ਇਸ ਸੈਮੀਨਾਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿਰਫ ਸਿੱਧਾਂਤਕ ਨਹੀਂ, ਸਗੋਂ ਪ੍ਰਯੋਗਿਕ ਵਿੱਤੀ ਜਾਣਕਾਰੀ ਦੇਣਾ ਸੀ, ਤਾਂ ਜੋ ਉਹ ਅਸਲ ਜ਼ਿੰਦਗੀ ਵਿੱਚ ਸਹੀ ਵਿੱਤੀ ਫੈਸਲੇ ਲੈ ਸਕਣ। ਸਮਾਗਮ ਦੀ ਸਮਾਪਤੀ ’ਤੇ ਪਰਮਜੀਤ ਸੱਚਦੇਵਾ ਨੂੰ ਆਰੀਆਭੱਟ ਗਰੁੱਪ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਵਿਵੇਕ ਸਿੰਧਵਾਨੀ, ਸੀ.ਏ ਬਲਰਾਜ ਸਿੰਗਲਾ, ਸੀ.ਏ ਸੁਨੀਲ ਗਰਗ, ਸੀ.ਏ ਮਨੋਜ ਗਰਗ, ਸੀ.ਏ ਕੁਲਦੀਪ ਕੁਮਾਰ, ਸੀ.ਏ ਰਾਜ ਬਾਂਸਲ, ਸੀ.ਏ ਸੰਦੀਪ ਸਿੰਘਲ, ਵਿਕਾਸ ਗੋਇਲ ਸੈਕਟਰੀ ਇੰਡਸਟਰੀਅਲ ਚੈਂਬਰ ਬਰਨਾਲਾ, ਲਵਦੀਪ ਸਿੰਘ (ਮੈਨੇਜਰ, ਏ.ਯੂ ਸਮਾਲ ਫਾਇਨੈਂਸ ਬੈਂਕ) ਅਤੇ ਗਗਨਦੀਪ ਗੋਇਲ (ਮੈਨੇਜਰ, ਐੱਚ.ਡੀ.ਐੱਫ.ਸੀ), ਦਿਵਯਾਂਸ਼ੀ ਅਤੇ ਸਾਕਸ਼ੀ, ਚੇਅਰਮੈਨ ਇੰਜ. ਆਰ. ਕੇ. ਗੁਪਤਾ, ਵਾਈਸ ਚੇਅਰਮੈਨ ਰੰਜੀਵ ਮੰਗਲਾ, ਜਨਰਲ ਸਕੱਤਰ ਵਿੱਕੀ ਸਿੰਗਾਲ, ਜੌਇੰਟ ਸਕੱਤਰ ਇੰਜ. ਇੰਦਰਪਾਲ ਗੋਯਲ, ਕੈਸ਼ੀਅਰ ਅਸ਼ਵਨੀ ਕੁਮਾਰ, ਐਡੀਸ਼ਨਲ ਸਕੱਤਰ: ਇੰਜ. ਮੋਹਿਤ ਮੰਗਲਾ, ਐਗਜ਼ਿਕਿਊਟਿਵ ਮੈਂਬਰ ਹਰਭਜਨ ਸਿੰਘ, ਡਾਇਰੈਕਟਰ ਡਾ. ਅਜੈ ਕੁਮਾਰ ਮਿੱਤਲ, ਡੀਨ ਇੰਜੀਨੀਅਰਿੰਗ ਰਜਨੀਸ਼ ਨਰੂਲਾ, ਡੀਨ ਅਕੈਡਮਿਕਸ ਡਾ. ਭਵੇਤ ਗਰਗ, ਕੋਆਰਡੀਨੇਟਰ ਡਾ. ਜਸ਼ਨਜੋਤ, ਕੋਆਰਡੀਨੇਟਰ ਸ਼੍ਰੀਮਤੀ ਭਾਵੁਕਤਾ ਸ਼ਰਮਾ, ਹੈੱਡ ਮਾਰਕੀਟਿੰਗ ਚਤਿੰਦਰ ਸਿੰਘ, ਆਈ.ਕਿਊ.ਏ.ਸੀ. ਕੋਆਰਡੀਨੇਟਰ ਵਿਜੇ ਕੁਮਾਰ, ਹੈੱਡ ਅਕਾਊਂਟਸ ਜਤਿੰਦਰ ਦਹੀਆ ਆਦਿ ਵੀ ਮੌਜੂਦ ਸਨ।

**ਫੋਟੋ ਅਜਮੇਰ ਦੀਵਾਨਾ**

# ਆਸ਼ਾ ਕਿਰਨ ਵਿਸ਼ੇਸ਼ ਸਕੂਲ ਵਿੱਚ ਗਾਰਡਨਸ਼ਿਪ ਜਾਗਰੂਕਤਾ 'ਤੇ ਸੈਮੀਨਾਰ ਆਯੋਜਿਤ

## ਨਵਦੀਪ ਸੂਦ ਨੇ ਆਸ਼ਾ ਕਿਰਨ ਸਕੂਲ ਨੂੰ 11 ਹਜ਼ਾਰ ਦਾ ਚੈੱਕ ਸੌਂਪਿਆ

**ਹੁਸ਼ਿਆਰਪੁਰ 11 ਮਈ (ਤਰਸੇਮ ਦੀਵਾਨਾ)** – ਅੱਜ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਂਖੇਲਾ ਵਿੱਚ ਆਸ਼ਾਦੀਪ ਵੈਲਫੇਅਰ ਸੁਸਾਇਟੀ ਵੱਲੋਂ ਆਤਮ ਸੁਖ ਆਤਮ ਦੇਵ ਆਸ਼ਰਮ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਵਿਸ਼ੇਸ਼ ਬੱਚਿਆਂ ਦੇ ਮਾਪਿਆਂ ਲਈ ਅੰਗਹੀਣ ਗਾਰਡਨਸ਼ਿਪ ਵਿਸ਼ੇ 'ਤੇ ਇੱਕ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਜੋਤ ਜਗਾ ਕੇ ਕੀਤੀ ਗਈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ੈਲੀ ਸ਼ਰਮਾ ਨੇ ਸਾਰੇ ਮਹਿਮਾਨਾਂ, ਮਾਹਿਰਾਂ ਅਤੇ ਮਾਪਿਆਂ ਦਾ ਸਵਾਗਤ ਕਰਦੇ ਹੋਏ ਸਮਾਗਮ ਦੇ ਉਦੇਸ਼ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸੈਮੀਨਾਰ ਵਿਸ਼ੇਸ਼ ਬੱਚਿਆਂ ਦੇ ਮਾਪਿਆਂ ਲਈ ਬਹੁਤ ਲਾਹੇਵੰਦ ਸਾਬਤ ਹੁੰਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਬਣਾਉਣ ਸਬੰਧੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦੇ ਹਨ। ਇਸ ਤੋਂ ਬਾਅਦ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ ਨੇ ਹਾਜ਼ਰ ਮਾਪਿਆਂ ਨੂੰ ਅੰਗਹੀਣ ਗਾਰਡਨਸ਼ਿਪ ਦੇ ਮਹੱਤਵ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ



ਕਿ ਇਹ ਵਿਸ਼ੇਸ਼ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਅਤ ਅਤੇ ਸੁਰੱਖਿਅਤ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਅਵਿਨਾਸ਼ ਰਾਏ ਖੰਨਾ ਸਾਬਕਾ ਸੰਸਦ ਮੈਂਬਰ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਉਨ੍ਹਾਂ ਆਪਣੇ ਸੰਬੋਧਨ ਵਿੱਚ ਵਿਸ਼ੇਸ਼ ਬੱਚਿਆਂ ਦੇ ਅਧਿਕਾਰਾਂ ਅਤੇ ਉਨ੍ਹਾਂ ਦੀ ਸੁਰੱਖਿਆ ਪ੍ਰਤੀ ਸਮਾਜ ਨੂੰ ਜਾਗਰੂਕ ਹੋਣ ਦਾ ਸੁਨੇਹਾ ਦਿੱਤਾ, ਇਸ ਮੌਕੇ ਨਵਦੀਪ ਸੂਦ ਵੱਲੋਂ ਸਕੂਲ ਨੂੰ 11 ਹਜ਼ਾਰ ਰੁਪਏ ਦੀ ਰਾਸ਼ੀ ਦਾਨ ਕੀਤੀ ਗਈ। ਇਸ ਮੌਕੇ ਦਿੱਲੀ ਤੋਂ ਆਏ ਮਾਹਿਰ ਪ੍ਰੋਫੈਸਰ ਕਰਨਲ ਡਾ. ਵੀ.ਕੇ. ਗੌਤਮ ਪ੍ਰਧਾਨ ਐਨ.ਸੀ.ਪੀ.ਓ., ਨਵੀਂ ਦਿੱਲੀ ਨੇ ਮਾਪਿਆਂ ਨੂੰ ਵਿਸ਼ੇਸ਼ ਤੌਰ 'ਤੇ ਬੌਧਿਕ ਦਿਵਯਾਂਗ ਬੱਚਿਆਂ ਦੀ ਗਾਰਡਨਸ਼ਿਪ ਸਬੰਧੀ ਕਾਨੂੰਨੀ ਅਤੇ ਸਮਾਜਿਕ ਪਹਿਲੂਆਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਨੇ ਮਾਪਿਆਂ ਦੀਆਂ ਜਗਿਆਸਾਵਾਂ ਦਾ ਨਿਵਾਰਨ ਵੀ ਕੀਤਾ। ਸੈਮੀਨਾਰ ਵਿੱਚ ਵਿਸ਼ੇਸ਼ ਬੱਚਿਆਂ ਦੇ ਮਾਪੇ, ਆਤਮ ਸੁਖ ਆਤਮਦੇਵ ਆਸ਼ਰਮ ਦੇ ਬੱਚਿਆਂ ਦੇ ਮਾਪੇ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਪੇ ਮੌਜੂਦ ਸਨ। ਇਸ ਸੈਮੀਨਾਰ ਵਿੱਚ ਲਗਭਗ 200 ਦੇ ਕਰੀਬ ਵਿਸ਼ੇਸ਼ ਬੱਚਿਆਂ ਦੇ ਮਾਪੇ ਸ਼ਾਮਲ ਹੋਏ। ਸੈਮੀਨਾਰ ਦੇ ਅੰਤ ਵਿੱਚ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਨੇ ਧੰਨਵਾਦ ਪ੍ਰਗਟ ਕੀਤਾ ਅਤੇ ਮੁੱਖ ਮਹਿਮਾਨ ਅਤੇ ਮਾਹਿਰਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਗਾਰਡਨਸ਼ਿਪ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼ ਬੱਚਿਆਂ ਵੱਲੋਂ ਬਣਾਏ ਗਏ ਯਾਦਗਾਰੀ ਚਿੰਨ੍ਹ ਵੀ ਮਹਿਮਾਨਾਂ ਨੂੰ ਭੇਟ ਕੀਤੇ ਗਏ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੁਸਾਇਟੀ ਦੇ ਮੈਂਬਰ ਮਲਕੀਤ ਸਿੰਘ ਮਾਹੇੜੂ, ਹਮੇਸ਼ ਤਲਵਾੜ, ਰਾਮ ਆਸਰਾ, ਬਲਰਾਮ ਜਰਿਆਲ, ਨਵਦੀਪ ਸੂਦ ਪ੍ਰੈਜ਼ੀਡੈਂਟ ਟੈਕ ਚੰਦ ਸੂਦ ਚੈਰੀਟੇਬਲ ਟਰੱਸਟ ਅਤੇ ਪ੍ਰਿੰਸੀਪਲ ਪਵਨ ਕੁਮਾਰ ਆਤਮ ਸੁਖ ਆਤਮ ਦੇਵ ਆਸ਼ਰਮ ਵੀ ਹਾਜ਼ਰ ਸਨ।

# ਸ਼ਾਹਕੋਟ ਦੇ ਸਫਾਈ ਸੇਵਕ ਸਫਾਈ ਦਾ ਕੰਮ ਠੱਪ ਕਰਕੇ ਚੱਲ ਰਹੇ ਸੰਘਰਸ਼ ਵਿੱਚ ਸ਼ਾਮਿਲ!

**ਸ਼ਾਹਕੋਟ 11 ਮਈ (ਹਰਜਿੰਦਰ ਸਿੰਘ ਚੰਦੀ)–** ਸਫਾਈ ਸੇਵਕਾਂ ਵੱਲੋਂ ਸੂਬੇ ਭਰ ਵਿੱਚ ਅਣਮਿਥੇ ਸਮੇਂ ਲਈ ਸ਼ੁਰੂ ਕੀਤੀ ਗਈ ਹੜਤਾਲ ਨੂੰ ਉਸ ਸਮੇਂ ਹੋਰ ਬਲ ਮਿਲਿਆ ਜਦ ਸ਼ਾਹਕੋਟ ਦੇ ਸਫਾਈ ਮਜ਼ਦੂਰਾਂ ਨੇ ਸ਼ਹਿਰ ਦੀ ਸਫਾਈ ਦਾ ਕੰਮ ਠੱਪ ਕਰਕੇ ਇਸ ਹੜਤਾਲ ਵਿੱਚ ਸ਼ਾਮਿਲ ਹੋ ਗਏ ਸਫਾਈ ਕਾਮਿਆਂ ਵੱਲੋਂ ਨਗਰ ਪੰਚਾਇਤ ਦੇ ਦਫਤਰ ਵਿੱਚ ਕੀਤੀ ਗਈ ਰੈਲੀ ਨੂੰ ਪ੍ਰਧਾਨ ਸੁਨੀਲ ਕੁਮਾਰ ਅਤੇ ਵਾਈਸ ਪ੍ਰਧਾਨ ਬੰਟੀ ਹੰਸ ਨੇ ਸੰਬੋਧਨ ਕਰਦਿਆਂ ਕਿਹਾ ਕਿ ਨਿਗੁਣੀ ਜਿਹੀ ਤਨਖਾਹ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਤੇ ਕੰਮ ਕਰਨ ਲਈ ਮਜਬੂਰ ਹਨ। ਸੰਘਰਸ਼ ਕਰ ਰਹੇ ਸਫਾਈ ਮਜ਼ਦੂਰ ਮੰਗ ਕਰ ਰਹੇ ਹਨ। ਕੱਚੇ ਸਫਾਈ ਸੇਵਕ ਅਤੇ ਮਿਊਨਸੀਪਲ ਕਾਮਿਆਂ ਨੂੰ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ, ਹਰ



ਕਾਮੇ ਨੂੰ ਘੱਟੋ ਘੱਟ 40 ਹਜ਼ਾਰ ਉਜਰਤ ਮਹੀਨਾ ਦਿੱਤੀ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਠੇਕੇਦਾਰੀ ਸਿਸਟਮ ਪੂਰੀ ਤਰ੍ਹਾਂ ਬੰਦ ਕਰਕੇ ਸਮੁੱਚੇ ਮਿਊਨਸੀਪਲ ਕਾਮੇ ਪੱਕੇ ਕੀਤੇ ਜਾਣ । ਉਹਨਾਂ ਨੇ ਅੱਗੇ ਕਿਹਾ ਕਿ ਪੰਜਾਬ ਦਾ ਸਫਾਈ ਕੰਮ ਹੁਣ ਆਪਣੀ ਕਿਸਮਤ ਸੰਘਰਸ਼ ਰਾਹੀਂ ਲਿਖਣ ਦੇ ਰਾਹ ਤੁਰ ਪਿਆ ਹੈ ਇਸ ਲਈ ਅਣਮਿਥੇ ਸਮੇਂ ਲਈ ਸਫਾਈ ਕਾਮਿਆਂ ਦੀ ਹੜਤਾਲ ਤਦ ਤੱਕ ਜਾਰੀ ਰਹੇਗੀ ਜਦ ਤੱਕ ਉਹਨਾਂ ਦੀਆਂ ਮੰਗਾਂ ਨਹੀਂ ਮੰਨ ਲਈਆਂ ਜਾਂਦੀਆਂ। ਸਫਾਈ ਕਾਮਿਆਂ ਦੀ ਹਮਾਇਤ ਵਿੱਚ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਗੁਰਬਖਸ਼ ਕੌਰ ਸਾਦਕਪੁਰ ਗੁਰ-ਚਰਨ ਸਿੰਘ, ਗੁਰਮੀਤ ਸਿੰਘ ਅਤੇ ਨੌਜਵਾਨ ਭਾਰਤ ਸਭਾ ਦੇ ਆਗੂ ਸੰਦੀਪ ਅਰੋੜਾ ਨੇ ਵੀ ਸੰਬੋਧਨ ਕੀਤਾ।

# ਵਿਸ਼ਵ ਨਰਸ ਦਿਵਸ


ਜ਼ਿੰਮੇਵਾਰੀ,ਸੇਵਾ ਤੇ ਸਿਦਕ ਦਾ ,
ਜਜ਼ਬਾ ਸੀ ਜਦੋਂ ਉਡਾਰ ਹੋਇਆ।
ਸਨ ਤਰਵੰਜਾ ਦਾ ਇੱਕ ਸੁਪਨਾ ,
ਚੁਹੱਤਰ ਵਿੱਚ ਸਾਕਾਰ ਹੋਇਆ ।
ਬਾਰਾਂ ਮਈ ਨੂੰ ਨਰਸ ਦਿਵਸ ਦੀ ,
ਲੱਖ ਲੱਖ ਹੋਵੇ ਮੁਬਾਰਕਬਾਦ ;
ਜੋ ਬਿਮਾਰ ਨੂੰ ਵੇਖ ਕੇ ਸਮਝਣ ,
ਘਰ ਦਾ ਹੀ ਜੀ ਬੀਮਾਰ ਹੋਇਆ।



ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ ।9914836037

## ਮੈਂ ਲਿਖਾਂਗੀ

ਜੇ ਕਦੇ ਮੌਕਾ ਮਿਲਿਆ ਤਾਂ
ਕਾਗਜ਼ ਉੱਤੇ ਆਪਣੀ ਪਹਿਚਾਣ ਲਿਖਾਂਗੀ।
ਇਸ ਸਖਤ ਜਿਹੇ ਚਿਹਰੇ ਦੇ ਪਿੱਛੇ ਛੁਪਿਆ
ਉਹ ਕੋਮਲ ਜਿਹਾ ਇਨਸਾਨ ਲਿਖਾਂਗੀ।
ਹਰ ਮੁਸ਼ਕਿਲ ਵਿੱਚ ਹੱਸਕੇ ਕਹਿ ਦੇਵੇ
ਹੈ ਸਭ ਕੁੱਝ ਤਾਂ ਹੈ ਠੀਕ ,
ਉਸ ਇੱਕ ਝੂਠ ਦੇ ਪਿੱਛੇ ਦੱਬੇ
ਹਜ਼ਾਰਾਂ ਬੇਬੱਸ ਅਰਮਾਨ ਲਿਖਾਂਗੀ।
ਨਹੀਂ ਲਿਖਾਂਗੀ ਮੈਂ
ਸਿਰਫ ਆਪਣੀ ਜਿੱਤ ਦੇ ਚਰਚੇ,
ਮੈਂ ਆਪਣੀ ਹਾਰ ਦਾ ਵੀ
ਹੱਸ ਕੇ ਐਲਾਨ ਲਿਖਾਂਗੀ।
ਲਿਖਾਂਗੀ ਉਹ ਰਾਤਾਂ ਜਦੋਂ
ਸਿਰਹਾਣਾ ਗਵਾਹ ਸੀ ਮੇਰੀਆਂ ਸਿਸਕੀਆਂ ਦਾ,
ਜੋ ਸੁੱਕ ਗਿਆ ਕਿਸੇ ਦੇ ਦੇਖਣ ਤੋਂ ਪਹਿਲਾਂ ।
ਹੜ੍ਹ ਹੰਝੂਆਂ ਦਾ ਰਿਹਾ ਜੋ ਗੁਮਨਾਮ ਲਿਖਾਂਗੀ ।
ਹਰ ਸ਼ਾਮ ਜੋ ਕੀਤੀ ਜੰਗ ਆਪਣੇ ਆਪ ਨਾਲ
ਸਵੇਰੇ ਉੱਠ ਕੇ ਜੋ ਸੀਅ ਲਈ
ਮੈਂ ਆਪਣੀ ਜ਼ੁਬਾਨ ਲਿਖਾਂਗੀ।
ਮੇਰੇ ਦੁੱਖਾਂ ਦੇਖ ਤਾਂ ਰਿਹਾ ਜੋ ਚੁੱਪ
ਮੇਰੀ ਮਜਬੂਰੀ ਤੇ ਹੱਸਦਾ ਇਹ ਜਹਾਨ ਲਿਖਾਂਗੀ ।
ਜਰੂਰ ਲਿਖਦੀ ਮੈਂ ਤੇਰਾ ਵੀ ਨਾਮ ਲਿਖਦੀ।
ਜੇ ਨਾ ਮੁੜਦਾ ਤੂੰ ਮੇਰੀ ਦੇਹਲੀ ਤੇ ਆ ਕੇ।
ਹੁਣ ਤਾਂ ਮੈਂ ਤੈਨੂੰ ਵੀ ਇੱਕ ਕਾਇਰ ਮਹਿਮਾਨ ਲਿਖਾਂਗੀ ।
ਰੱਖੀਂ ਯਾਦ ਮੈਂ ਆਪਣੀ ਪਹਿਚਾਣ ਲਿਖਾਂਗੀ।



ਕਰਮਜੀਤ ਕੌਰ ਮਾਨਸ਼ਾਹੀਆ

## ਬੁਢਾਪਾ (ਗੀਤ)

ਹੋ ਗਿਆ ਹਾਂ ਬੁੱਢਾ ਗੋਡੇ ਦੇ ਗਏ ਜਵਾਬ ਨੇ
ਕੱਢੀ ਪਈ ਜਾਨ ਪੀੜ ਵਿੱਚੋਂ ਬੇਹਿਸਾਬ ਨੇ
ਅੱਖਾਂ ਤੋਂ ਵੀ ਹੁਣ ਪੁੱਤਾ ਦਿਸਣੋਂ ਵੀ ਗਿਆ੨
ਨਾਲੇ ਸੁੱਕਿਆ ਸਰੀਰ ਇਹ ਸਾਰਾ
ਤੂੰ ਹੀ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ
ਤੂੰ ਹੀ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ

ਸੁਣਦਾ ਨਾ ਕੰਨਾਂ ਤੋਂ ਵੀ ਮਾਰੇ ਕੋਈ ਅਵਾਜ ਜੇ
ਆਉਂਦੇ ਨੇ ਖਿਆਲ ਬੁਰੇ ਮੈਨੂੰ ਬੇ-ਲਿਹਾਜ ਜੇ੨
ਹੋਲ ਜਿਹਾ ਪੈਂਦਾ ਭੈੜਾ ਵਿਚ ਹੈ ਕਲੇਜੇ੨
ਨਹੀਓਂ ਚਲਦਾ ਬੁਢਾਪੇ ਵਿਚ ਚਾਰਾ
ਤੂੰ ਹੀ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ
ਤੂੰ ਹੀ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ

ਆ ਗਿਆ ਬੁਲਾਵਾ ਜਾਣਾ ਪੈਣਾ ਮਹਿਮਾਨ ਨੂੰ
ਛੱਡਣਾ ਹੀ ਪੈਣਾ ਹੈ ਕਿਰਾਏ ਦੇ ਮਕਾਨ ਨੂੰ
ਜੱਗ ਦਾ ਏਹ ਮੋਹ ਭੈੜਾ ਛੱਡਦਾ ਨਾ ਖਹਿੜਾ੨
ਪੋਤਾ ਲਗਦਾ ਹੈ ਸਭ ਤੋਂ ਪਿਆਰਾ
ਤੂੰ ਹੀ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ
ਤੂੰ ਹੀ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ

ਚੜ੍ਹ ਜਾਂਦਾ ਹੱਥੂ ਨਾ ਇਲਾਜ ਲੱਭੇ ਖੰਘ ਦਾ
ਰਾਤ ਨੂੰ ਨਾ ਨੀਂਦ ਆਵੇ ਮਸਾਂ ਦਿਨ ਲੰਘ ਦਾ
ਜਪ ਦਾ ਹਾਂ ਹਰੀ ਨਾਮ ਹਰ ਵੇਲੇ ਮੁੱਖੋਂ੨
ਓਹੀ ਲਾਊ ਆਪੇ ਪਾਰ ਉਤਾਰਾ
ਤੂੰਹੀਂ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ
ਤੂੰਹੀਂ ਏਂ ਬੁਢਾਪੇ ਵਿਚ ਹੁਣ ਪੁੱਤਰਾ
ਤੇਰੇ ਏਸ ਬੁੱਢੇ ਬਾਪੂ ਦਾ ਸਹਾਰਾ



ਧੰਨਾ ਧਾਲੀਵਾਲ:-9878235714

## ਮਿੱਠੀਆਂ ਗੱਲਾਂ – ਮਾਂ ਦਾ ਪਿਆਰ

ਮਾਂ ਦਾ ਪਿਆਰ ਐ ਇੰਨਾ ਵੱਡਾ,_
ਜਿੰਨਾ ਇਹ ਖੁੱਲ੍ਹਾ ਅਸਮਾਨ।
ਧਰਤੀ ’ਤੇ ਰੱਬ ਬਣ ਕੇ ਆਈ,
ਸੱਚੀਂ ਮੁੱਚੀਂ ਓਹ ਭਗਵਾਨ।

ਤਿਆਗ ਦੀ ਓਹ ਮੂਰਤ ਹੈ,
ਮਮਤਾ ਦੀ ਭਰੀ ਦੁਕਾਨ।
ਕਾਲੀ, ਦੁਰਗਾ, ਸਰਸਵਤੀ ਦੀ,
ਉਸ ਵਿੱਚ ਵੱਸਦੀ ਸ਼ਕਤੀ ਮਹਾਨ।
ਮਾਂ ਦਾ ਪਿਆਰ ਐ ਇੰਨਾ ਵੱਡਾ...

ਮੈਨੂੰ ਜੀਵਨ ਦਾ ਦਿੱਤਾ ਉਸਨੇ,
ਸੋਹਣਾ ਸੁੱਚਾ ਉਪਹਾਰ।
ਅੱਖੀਆਂ ’ਚੋਂ ਵਹਿੰਦੇ ਦਰਿਆ,
ਪਰ ਹੋਂਠਾਂ ਉੱਤੇ ਪਿਆਰ।
ਮਾਂ ਦਾ ਪਿਆਰ ਐ ਇੰਨਾ ਵੱਡਾ...

ਰਾਤਾਂ ਨੂੰ ਜਾਗ ਕੇ ਸੂਲੀ ਚੜ੍ਹਦੀ,
ਮੇਰੇ ਸੁੱਖ ਦੀ ਕਰੇ ਅਰਦਾਸ।
ਆਪ ਭੁੱਖੀ ਸੌਂ ਜਾਂਦੀ ਮਾਂ,
ਮੈਨੂੰ ਖੁਆਵੇ ਪਹਿਲਾ ਗਰਾਸ।
ਮਾਂ ਦਾ ਪਿਆਰ ਐ ਇੰਨਾ ਵੱਡਾ...

ਅਸੀਸਾਂ ਦਾ ਭਰਿਆ ਖ਼ਜ਼ਾਨਾ,
ਹੁੰਦਾ ਮਾਂ ਦਾ ਪਿਆਰ।
ਕਹਿੰਦਾ ਕਮਲ ਜਲੰਧਰ ਵਾਲਾ,
ਮਾਂ ਬਿਨਾਂ ਸੁੰਨਾ ਸੰਸਾਰ।
ਮਾਂ ਦਾ ਪਿਆਰ ਐ ਇੰਨਾ ਵੱਡਾ...



ਕਮਲ
ਜਲੰਧਰ
9464252911



# ਹੈਂਟਾਵਾਇਰਸ ਪ੍ਰਭਾਵਿਤ ਕਰੂਜ਼ ਜਹਾਜ਼ ਤੋਂ ਲਿਆਂਦੇ 20 ਬਰਤਾਨਵੀ 45 ਦਿਨਾਂ ਲਈ ਇਕਾਂਤਵਾਸ 'ਚ

**ਲੈਸਟਰ (ਇੰਗਲੈਂਡ), 11 ਮਈ (ਸੁਖਜਿੰਦਰ ਸਿੰਘ ਢੱਡੇ)–** ਹੈਂਟਾਵਾਇਰਸ ਦੇ ਫੈਲਾਅ ਨਾਲ ਪ੍ਰਭਾਵਿਤ ਕਰੂਜ਼ ਜਹਾਜ਼ ਐਮ.ਵੀ. ਹੋਂਡੀਅਸ ਤੋਂ ਵਾਪਸ ਲਿਆਂਦੇ ਗਏ 20 ਬਰਤਾਨਵੀ ਨਾਗਰਿਕਾਂ ਨੂੰ ਮਰਸੀਸਾਈਡ ਦੇ ਐਰੋ ਪਾਰਕ ਹਸਪਤਾਲ ਵਿੱਚ ਇਕਾਂਤਵਾਸ ਕੀਤਾ ਗਿਆ ਹੈ। ਇਹ ਯਾਤਰੀ ਐਤਵਾਰ ਰਾਤ ਟੈਨਰੀਫ਼ ਤੋਂ ਵਿਸ਼ੇਸ਼ ਉਡਾਣ ਰਾਹੀਂ ਮੈਨਚੈਸਟਰ ਹਵਾਈ ਅੱਡੇ ਪਹੁੰਚੇ, ਜਿੱਥੋਂ ਉਨ੍ਹਾਂ ਨੂੰ ਸਖ਼ਤ ਸੁਰੱਖਿਆ ਇੰਤਜ਼ਾਮਾਂ ਹੇਠ ਕੋਚਾਂ ਰਾਹੀਂ ਹਸਪਤਾਲ ਲਿਜਾਇਆ ਗਿਆ।

ਯੂ.ਕੇ. ਹੈਲਥ ਸਕਿਉਰਿਟੀ ਏਜੰਸੀ (ਯੂਕੇਐਚਐਸਏ) ਦੇ ਮੁੱਖ ਵਿਗਿਆਨਕ ਅਧਿਕਾਰੀ ਪ੍ਰੋਫੈਸਰ ਰੋਬਿਨ ਮੇ ਨੇ ਦੱਸਿਆ ਕਿ ਸਾਰੇ ਯਾਤਰੀ ਇਸ ਵੇਲੇ "ਤੰਦਰੁਸਤ ਅਤੇ ਬਿਨਾਂ ਲੱਛਣਾਂ ਵਾਲੇ" ਹਨ। ਉਨ੍ਹਾਂ ਕਿਹਾ ਕਿ ਯਾਤਰੀ ਪਹਿਲਾਂ 72 ਘੰਟੇ ਹਸਪਤਾਲ ਵਿੱਚ ਰਹਿਣਗੇ ਅਤੇ ਉਸ ਤੋਂ ਬਾਅਦ 42 ਦਿਨ ਆਪਣੇ ਘਰਾਂ ਵਿੱਚ ਇਕਾਂਤਵਾਸ ਕਰਨਗੇ। ਹਾਲਾਤ ਦੇ ਅਨੁਸਾਰ ਇਕਾਂਤਵਾਸ ਦੀ ਮਿਆਦ ਵਿੱਚ ਤਬਦੀਲੀ ਵੀ ਕੀਤੀ ਜਾ ਸਕਦੀ ਹੈ। ਹਸਪਤਾਲ ਪ੍ਰਬੰਧਕਾਂ ਮੁਤਾਬਕ ਯਾਤਰੀਆਂ ਨੂੰ ਸਵੈ-ਨਿਰਭਰ ਫਲੈਟਾਂ ਵਿੱਚ ਰੱਖਿਆ ਗਿਆ ਹੈ, ਜਿੱਥੇ ਫੋਨ ਅਤੇ ਹੋਰ ਜ਼ਰੂਰੀ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ। ਵਿਸ਼ੇਸ਼ ਮੈਡੀਕਲ ਟੀਮ ਉਨ੍ਹਾਂ ਦੀ ਲਗਾਤਾਰ ਜਾਂਚ ਅਤੇ ਮਾਨਸਿਕ



ਬਰਤਾਨਵੀ ਨਾਗਰਿਕਾ ਨੂੰ ਬੱਸ ਰਾਹੀ ਹਸਪਤਾਲ ਲਿਜਾਦੇ ਹੋਏ., ਤਸਵੀਰ:– ਸੁਖਜਿੰਦਰ ਸਿੰਘ ਢੱਡੇ

ਸਹਾਇਤਾ ਲਈ ਤਾਇਨਾਤ ਹੈ। ਜੇਕਰ ਕਿਸੇ ਵਿੱਚ ਲੱਛਣ ਨਜ਼ਰ ਆਉਂਦੇ ਹਨ ਤਾਂ ਉਸ ਨੂੰ ਰਾਇਲ ਲਿਵਰਪੂਲ ਯੂਨੀਵਰਸਿਟੀ ਹਸਪਤਾਲ ਦੇ ਟ੍ਰਾਪਿਕਲ ਅਤੇ ਸੰਕਰਾਮਕ ਰੋਗ ਵਿਭਾਗ ਵਿੱਚ ਭੇਜਿਆ ਜਾਵੇਗਾ।

ਹੈਂਟਾਵਾਇਰਸ ਦੇ ਇਸ ਪ੍ਰਕੋਪ ਕਾਰਨ ਹੁਣ ਤੱਕ ਤਿੰਨ ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚੋਂ ਦੋ ਵਿੱਚ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੇ ਵਾਇਰਸ ਦੀ ਪੁਸ਼ਟੀ ਕੀਤੀ ਹੈ। ਦੋ ਬਰਤਾਨਵੀ ਨਾਗਰਿਕਾਂ ਸਮੇਤ ਕਈ ਹੋਰ ਯਾਤਰੀਆਂ ਵਿੱਚ ਵੀ ਵਾਇਰਸ ਮਿਲਿਆ ਹੈ। ਅਮਰੀਕਾ ਅਤੇ ਫਰਾਂਸ ਵਾਪਸ ਗਏ ਦੋ ਯਾਤਰੀਆਂ ਵਿੱਚ ਵੀ ਸੰਕਰਮਣ ਦੀ ਪੁਸ਼ਟੀ ਹੋਈ ਹੈ।

ਵਾਇਰਸ ਦੀ ਇਹ ਕਿਸਮ "ਐਂਡੀਜ਼ ਸਟ੍ਰੇਨ" ਦੱਸੀ ਜਾ ਰਹੀ ਹੈ, ਜੋ ਵਿਅਕਤੀ ਤੋਂ ਵਿਅਕਤੀ ਵਿੱਚ ਫੈਲ ਸਕਦੀ ਹੈ। ਇਹ ਵਾਇਰਸ ਆਮ ਤੌਰ 'ਤੇ ਚੂਹਿਆਂ ਅਤੇ ਹੋਰ ਰੋਡੈਂਟ ਜਾਨਵਰਾਂ ਰਾਹੀਂ ਫੈਲਦਾ ਹੈ। ਸਿਹਤ ਅਧਿਕਾਰੀਆਂ ਨੇ ਕਿਹਾ ਹੈ ਕਿ ਆਮ ਲੋਕਾਂ ਲਈ ਖ਼ਤਰਾ ਬਹੁਤ ਘੱਟ ਹੈ ਅਤੇ ਹਸਪਤਾਲ ਪੂਰੀ ਤਰ੍ਹਾਂ ਆਮ ਢੰਗ ਨਾਲ ਕੰਮ ਕਰ ਰਿਹਾ ਹੈ।ਇਸ ਕਰੂਜ਼ ਜਹਾਜ਼ ਨੇ 1 ਅਪ੍ਰੈਲ ਨੂੰ ਅਰਜਨਟੀਨਾ ਦੇ ਉਸ਼ੁਆਇਆ ਤੋਂ ਯਾਤਰਾ ਸ਼ੁਰੂ ਕੀਤੀ ਸੀ ਅਤੇ ਇਸ 'ਚ 28 ਦੇਸ਼ਾਂ ਦੇ ਕਰੀਬ 150 ਯਾਤਰੀ ਅਤੇ ਕਰਮਚਾਰੀ ਸਵਾਰ ਸਨ। ਯਾਤਰਾ ਦੌਰਾਨ ਪਹਿਲੀ ਮੌਤ 11 ਅਪ੍ਰੈਲ ਨੂੰ ਹੋਈ ਸੀ। ਜਹਾਜ਼ ਹੁਣ ਨੀਦਰਲੈਂਡ ਦੇ ਰੋਟਰਡੈਮ ਲਿਜਾਇਆ ਜਾਵੇਗਾ, ਜਿੱਥੇ ਇਸ ਦੀ ਪੂਰੀ ਤਰ੍ਹਾਂ ਡਿਸਇੰਫੈਕਸ਼ਨ ਕੀਤੀ ਜਾਵੇਗੀ।ਇਸ ਦੌਰਾਨ ਟ੍ਰਿਸਟਨ ਡਾ ਕੁੰਹਾ ਟਾਪੂ 'ਤੇ ਇਕ ਬਰਤਾਨਵੀ ਵਿਅਕਤੀ ਵਿੱਚ ਵੀ ਸੰਭਾਵਿਤ ਸੰਕਰਮਣ ਮਿਲਿਆ ਹੈ। ਉਸ ਦੀ ਮਦਦ ਲਈ ਬਰਤਾਨਵੀ ਫੌਜ ਦੇ ਪੈਰਾਟਰੂਪਰ ਅਤੇ ਮੈਡੀਕਲ ਮਾਹਿਰ ਟਾਪੂ 'ਤੇ ਭੇਜੇ ਗਏ ਹਨ।

# ਸਿੱਖਿਆ ਵਿਭਾਗ ਵੱਲੋਂ 4161 ਅਧਿਆਪਕਾਂ ਨੂੰ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਫ਼ਰਮਾਨ ਅਤਿ ਨਿੰਦਣਯੋਗ:- ਪਰਮਾਰ

**ਰਾਏਕੋਟ, 11 ਮਈ (ਗੁਰਭਿੰਦਰ ਗੁਰੀ))** ਸਾਂਝਾ ਅਧਿਆਪਕ ਫਰੰਟ ਪੰਜਾਬ ਦੇ ਆਗੂ ਰਾਜਮਿੰਦਰਪਾਲ ਸਿੰਘ ਪਰਮਾਰ ਵੱਲੋਂ ਸਿੱਖਿਆ ਵਿਭਾਗ ਵੱਲੋਂ ਪੋਸਟਾਂ ਰਿਕਾਸਟ ਕਰਨ ਦੇ ਨਾਮ ਹੇਠ 4161 ਅਤੇ 6635 ਅਧਿਆਪਕਾਂ ਨੂੰ ਨੌਕਰੀ ਤੋਂ ਰੁਖ਼ਸਤ ਕਰਨ ਦੇ ਫ਼ਰਮਾਨ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਸਿੱਖਿਆ ਕ੍ਰਾਂਤੀ ਤਹਿਤ ਮਿਹਨਤੀ ਅਧਿਆਪਕਾਂ ਦੀ ਕੀਤੀ ਮਿਹਨਤ ਨਾਲ ਪੰਜਾਬ ਨੂੰ ਸਿੱਖਿਆ ਦੇ ਕੇ ਖੇਤਰ ਵਿੱਚ ਹਿੰਦੁਸਤਾਨ ਦਾ ਮੋਹਰੀ ਸੂਬਾ ਬਣਾਇਆ ਹੈ। ਉੱਥੇ ਹੀ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਦਾਅਵੇ ਵੀ ਕੀਤੇ, ਪਰ ਹੁਣ ਸਰਕਾਰ ਨੇ ਹੀ ਮੌਜੂਦਾ ਨੌਕਰੀਆਂ ਖੋਹਣ ਦੇ ਫਰਮਾਨ ਜਾਰੀ ਕੀਤੇ ਹਨ ਜੋ ਕਿ ਅਤੀ ਨਿੰਦਣ ਯੋਗ ਹਨ।



ਇਹਨਾਂ 4161 ਅਧਿਆਪਕਾਂ ਨੇ ਆਪਣਾ ਪਰਖ ਸਮਾਂ ਵੀ ਪੂਰਾ ਕਰ ਲਿਆ ਹੈ ਅਤੇ ਆਪਣੀ ਮਿਹਨਤ ਨਾਲ ਚੰਗੇ ਨਤੀਜੇ ਦਿੱਤੇ ਹਨ।

ਅਧਿਆਪਕਾਂ ਨੂੰ ਘੱਟ ਤਨਖਾਹ 'ਤੇ ਕੰਮ ਕਰਨਾ ਪਿਆ, ਜਦੋਂ ਕਿ ਉਹ ਫੁੱਲ ਪੇਡ ਅਧਿਆਪਕਾਂ ਵਾਂਗ ਕੰਮ ਕਰ ਰਹੇ ਹਨ।

ਇਹ ਅਧਿਆਪਕ ਸਕੂਲਾਂ ਵਿੱਚ ਸਾਲਾਂ ਤੋਂ ਸੇਵਾ ਦੇ ਰਹੇ ਹਨ, ਪਰ ਸਰਕਾਰ ਨੇ ਕੋਈ ਵਿਵਸਥਾ ਨਹੀਂ ਕੀਤੀ। 6635 ਅਧਿਆਪਕਾਂ ਅਤੇ 4161 ਅਧਿਆਪਕਾਂ ਲਈ ਪੰਜਾਬ ਸਰਕਾਰ ਸਿੱਖਿਆ ਵਿਭਾਗ ਵੱਲੋਂ ਕੱਢੇ ਗਏ ਨੌਕਰੀ ਤੋਂ ਬਰਖਾਸਤ ਕਰਨ ਦੇ ਨੋਟਸਾਂ ਨੂੰ ਤੁਰੰਤ ਰੱਦ ਕਰਨ ਅਤੇ ਇਸ ਦੀ ਕਾਰਵਾਈ ਤੇ ਪੁਨਰ ਵਿਚਾਰ ਕਰਨ ਉਪਰੰਤ ਯੋਗ ਹੱਲ ਕੱਢਣ ਦੀ ਮੰਗ ਕੀਤੀ ਹੈ। ਇਸ ਮੌਕੇ ਜੰਗਪਾਲ ਸਿੰਘ, ਜਸਵੀਰ ਸਿੰਘ, ਨਾਮਪ੍ਰੀਤ ਸਿੰਘ ਗੋਗੀ, ਜਸਵੰਤ ਸਿੰਘ, ਪਰਮਿੰਦਰ ਸਿੰਘ, ਰਾਕੇਸ਼ ਮਿੱਤਲ ਆਦਿ ਹਾਜ਼ਰ ਸਨ।

# ਸੱਤਿਆ ਭਾਰਤੀ ਸਕੂਲ ਤੁੰਗਾਂਹੇੜੀ ਵਿੱਚ ਮਨਾਇਆ ਗਿਆ ਮਦਰ ਡੇ ਤੇ ਨੈਸ਼ਨਲ ਤਕਨਾਲੋਜੀ ਦਿਵਸ, ਬੱਚਿਆਂ ਨੇ ਮਾਵਾਂ ਪ੍ਰਤੀ ਜਤਾਇਆ ਸਤਿਕਾਰ

**ਰਾਏਕੋਟ, 11 ਮਈ (.ਗੁਰਭਿੰਦਰ ਗੁਰੀ)** ਭਾਰਤੀ ਏਅਰਟੈਲ ਫਾਊਂਡੇਸ਼ਨ ਦੇ ਅਧੀਨ ਚੱਲਦੇ ਸੱਤਿਆ ਭਾਰਤੀ ਸਕੂਲ ਤੁੰਗਾਂਹੇੜੀ ਵਿੱਚ ਮੁੱਖ ਅਧਿਆਪਕਾ ਸ਼ਰਨਜੀਤ ਕੌਰ ਦੀ ਅਗਵਾਈ ਹੇਠ ਮਦਰ ਡੇ ਤੇ ਨੈਸ਼ਨਲ ਤਕਨਾਲੋਜੀ ਦਿਵਸ ਬੜੇ ਹੀ ਉਤਸ਼ਾਹ ਅਤੇ ਪਿਆਰ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ ਅਤੇ ਮਾਵਾਂ ਦੀ ਮਹਾਨਤਾ ਬਾਰੇ ਸੰਦੇਸ਼ ਦਿੱਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ, ਜਿਸ ਤੋਂ ਬਾਅਦ ਬੱਚਿਆਂ ਨੇ ਕਵਿਤਾਵਾਂ, ਗੀਤ ਅਤੇ ਨਾਟਕਾਂ ਰਾਹੀਂ ਮਾਂ ਦੇ ਪਿਆਰ, ਤਿਆਗ ਅਤੇ ਮਮਤਾ ਨੂੰ ਦਰਸਾਇਆ। ਵਿਦਿਆਰਥੀਆਂ ਨੇ ਆਪਣੇ ਹੱਥਾਂ ਨਾਲ ਬਣਾਏ ਕਾਰਡ ਅਤੇ ਤੋਹਫ਼ੇ ਆਪਣੀਆਂ ਮਾਵਾਂ ਨੂੰ ਸਮਰਪਿਤ ਕੀਤੇ। ਸਕੂਲ ਦੇ ਅਧਿਆਪਕਾਂ ਨੇ ਵੀ ਬੱਚਿਆਂ ਨੂੰ ਮਾਂ ਦੀ ਇੱਜ਼ਤ ਕਰਨ ਅਤੇ ਹਰ ਸਮੇਂ ਉਨ੍ਹਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਤ ਕੀਤਾ।

ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਵਿਗਿਆਨ ਅਤੇ ਤਕਨਾਲੋਜੀ ਨਾਲ ਸੰਬੰਧਿਤ ਚਾਰਟ, ਮਾਡਲ







ਅਤੇ ਪ੍ਰੋਜੈਕਟ ਤਿਆਰ ਕਰਕੇ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ। ਇਸ ਦੌਰਾਨ ਕਵਿਜ਼ ਮੁਕਾਬਲੇ ਅਤੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਬੱਚਿਆਂ ਨੇ ਵਧ ਚੜ੍ਹ ਕੇ ਭਾਗ ਲਿਆ। ਇਸ ਮੌਕੇ ਬੋਲਦਿਆਂ ਮੁੱਖ ਅਧਿਆਪਕਾ ਸ਼ਰਨਜੀਤ ਕੌਰ ਨੇ ਕਿਹਾ ਕਿ ਮਾਂ ਜੀਵਨ ਦੀ ਪਹਿਲੀ ਅਧਿਆਪਕ ਹੁੰਦੀ ਹੈ ਅਤੇ ਉਸ ਦਾ ਸਥਾਨ ਦੁਨੀਆ ਵਿੱਚ ਸਭ ਤੋਂ ਉੱਚਾ ਹੈ। ਸਮਾਗਮ ਦੌਰਾਨ ਬੱਚਿਆਂ ਨੇ "ਮਾਂ ਵਰਗੀ ਕੋਈ ਨਹੀਂ" ਅਤੇ "ਮਾਂ ਦਾ ਪਿਆਰ ਸਭ ਤੋਂ ਅਨਮੋਲ ਹੈ" ਵਰਗੇ ਸੰਦੇਸ਼ਾਂ ਰਾਹੀਂ ਸਮਾਜ ਨੂੰ ਮਾਵਾਂ ਦੀ ਕਦਰ ਕਰਨ ਲਈ ਜਾਗਰੂਕ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਸਾਰੇ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਗਈ ਅਤੇ ਮਾਵਾਂ ਨੂੰ ਮਦਰ ਡੇ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਸਟਾਫ਼ ਪਰਵੀਨ ਕੌਰ, ਕਮਲਜੀਤ ਕੌਰ, ਅਮਨਦੀਪ ਕੌਰ, ਵੀਰਪਾਲ ਕੌਰ, ਸੁਮਨਦੀਪ ਕੌਰ ਆਦਿ ਹਾਜ਼ਰ ਸਨ।

# 12 ਮਈ ਨੂੰ ਵਿਸ਼ਾਲ ਸਰਹਿੰਦ ਫ਼ਤਹਿ ਮਾਰਚ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ - ਸਿਡਾਨਾ

## ਸਰਹਿੰਦ ਫ਼ਤਹਿ ਮਾਰਚ ਦਾ ਪੋਸਟਰ ਕੇ.ਕੇ.ਬਾਵਾ ਤੇ ਜਥੇਦਾਰ ਨਿਮਾਣਾ ਨੇ ਕੀਤਾ ਜਾਰੀ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਹਾਨ ਯੋਧੇ ਜਰਨੈਲ, ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੌਰਵਮਈ ਇਤਿਹਾਸ ਸਿਰਜਣ ਵਾਲੇ ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਯਾਦ ਵਿੱਚ ਵਿਸ਼ਾਲ ਫਤਹਿ ਮਾਰਚ ਰਕਬੇ ਤੋਂ ਚਪੜਚਿੜੀ ਦੀ ਤਿਆਰੀ ਸੰਬੰਧੀ ਮੀਟਿੰਗ ਰਣਜੀਤ ਸਿੰਘ ਸਿਡਾਨਾ ਬਿਗ ਬ੍ਰਾਂਡ ਕਾਰ ਬਜ਼ਾਰ ਵਾਲਿਆਂ ਦੀ ਅਗਵਾਈ ਹੇਠ ਬਿਗ ਕਾਰ ਬਜ਼ਾਰ, ਨੇੜੇ ਇਆਲੀ ਚੌਂਕ, ਫ਼ਿਰੋਜ਼ਪੁਰ ਰੋਡ ਵਿਖੇ ਹੋਈ। ਮੀਟਿੰਗ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਅੰਤਰਾਸ਼ਟਰੀ ਫਾਊਂਡੇਸ਼ਨ ਦੇ ਸਰਪ੍ਰਸਤ ਕੇ.ਕੇ.ਬਾਵਾ, ਸਰਹਿੰਦ ਫਤਹਿ ਮਾਰਚ ਦੇ ਕੋ-ਕਨਵੀਨਰ



ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਵਿਸ਼ੇਸ਼ ਤੌਰ ਤੇ ਪੁੱਜੇ ਅਤੇ ਸਰਹਿੰਦ ਫ਼ਤਹਿ ਮਾਰਚ ਤਿਆਰੀ ਸੰਬੰਧੀ ਵਿਚਾਰ ਚਰਚਾ ਹੋਈ । ਇਸ ਮੌਕੇ ਤੇ ਸਰਹਿੰਦ ਫ਼ਤਹਿ ਮਾਰਚ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਮੌਕੇ ਤੇ ਰਣਜੀਤ ਸਿੰਘ ਸਿਡਾਨਾ, ਰਿਕੁਦੀਪ ਸਿੰਘ ਸਿਡਾਨਾ, ਮਨਦੀਪ ਸਿੰਘ ਬਿੱਟੂ, ਬਲਜੀਤ ਸਿੰਘ, ਜਸਕਰਨ ਸਿੰਘ, ਚਮਕੌਰ ਸਿੰਘ, ਸੰਤੋਖ ਸਿੰਘ ਗੁਜਰਾਲ, ਗੁਨੀਤ ਸਿੰਘ ਗੁਜਰਾਲ, ਜਸਕਰਨ ਸਿੰਘ, ਹਰਨੂਰ ਸਿੰਘ, ਸੰਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਸਤਨਾਮ ਸਿੰਘ, ਬਾਬਾ ਬਲਵਿੰਦਰ ਸਿੰਘ, ਗੁਰਦੀਪ ਸਿੰਘ ਗਰੇਵਾਲ ਅਤੇ ਸਾਥੀਆਂ ਨੇ ਭਰੋਸਾ ਦਿਵਾਇਆ ਕਿ 12 ਮਈ ਨੂੰ ਰਕਬੇ ਤੋਂ ਚਪੜਚਿੜੀ ਤੱਕ ਨਿਕਲ ਰਹੇ ਸਰਹਿੰਦ ਫਤਹਿ ਮਾਰਚ ਦਾ ਜ਼ੋਰਦਾਰ ਸਵਾਗਤ ਕੀਤਾ ਜਾਏਗਾ । ਸੰਗਤਾਂ ਵਿੱਚ ਭਾਰੀ ਉਤਸ਼ਾਹ ਹੈ ।

# ਬਾਦਲਾਂ ਦੀ ਝੋਲੀ ਵਿੱਚ ਬੈਠ ਕੇ ਝੀਂਡਾ ਨੇ ਹਰਿਆਣਾ ਕਮੇਟੀ ਅਤੇ ਹਰਿਆਣੇ ਦੇ ਸਿੱਖਾਂ ਦਾ ਕੀਤਾ ਭਾਰੀ ਨੁਕਸਾਨ - ਜਥੇਦਾਰ ਮੰਡੇਬਰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਦੇ ਸਿੱਖਾਂ ਨੇ ਲੰਬਾ ਸਮਾਂ ਬਾਦਲ ਪਰਿਵਾਰ ਬਾਦਲ ਅਕਾਲੀ ਦਲ ਦੀ ਗੁਲਾਮੀ ਝੱਲੀ ਹੈ । ਹਰਿਆਣਾ ਸਟੇਟ ਤਾਂ 1966 ਵਿੱਚ ਵੱਖਰੀ ਬਣ ਗਈ ਪਰ ਹਰਿਆਣੇ ਵਿਚਲੇ ਇਤਿਹ-ਾਸਕ ਗੁਰੂਘਰਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਰਿਹਾ ਅਤੇ ਸ਼੍ਰੋਮਣੀ ਕਮੇਟੀ ਉੱਪਰ ਅੱਜ ਤੱਕ ਬਾਦਲ ਪਰਿਵਾਰ ਅਕਾਲੀ ਦਲ ਬਾਦਲ ਦਾ ਕਬਜ਼ਾ ਹੈ । ਇਸ ਕਰਕੇ ਹਰਿਆਣਾ ਵਿਚਲੇ ਗੁਰਦੁਆਰਾ ਸਾਹਿਬ ਦੇ ਉੱਪਰ ਵੀ ਬਾਦਲ ਦਲ ਦੀ ਪਕੜ ਬਣੀ ਰਹੀ ਇਸੇ ਲਈ ਬਾਦਲ ਪ੍ਰੀਵਾਰ ਅਕਾਲੀ ਦਲ ਬਾਦਲ ਹਰਿਆਣਾ ਦੀਆਂ ਵਿਧਾਨ ਸਭਾ ਅਤੇ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਸਮੇਂ ਸਮੇਂ ਵੱਖ-ਵੱਖ ਪਾਰਟੀਆਂ ਨਾਲ ਹਰਿਆਣਾ ਵਿਚਲੇ ਸਿੱਖਾਂ ਦਾ ਸੌਦਾ ਕਰਕੇ ਆਪਣੀਆਂ ਰੋਟੀਆਂ ਸੇਕਦਾ ਰਿਹਾ ਹੈ ਹਰਿਆਣਾ ਵਿਚਲੇ ਗੁਰਦੁਆਰਿਆਂ ਦੀ ਕਮੇਟੀ ਵੱਖਰੀ ਕਰਨ ਲਈ ਹਰਿਆਣਾ ਵਿਚਲੇ ਜਿੰਨਾ ਸਿੱਖ ਆਗੂਆਂ ਨੇ ਬਾਦਲ ਪ੍ਰੀਵਾਰ ਬਾਦਲ ਅਕਾਲੀ ਦਲ ਦੇ ਖਿਲਾਫ ਸੰਘਰਸ਼ ਕੀਤਾ ਉਨਾਂ ਵਿੱਚੋਂ ਇੱਕ ਜਗਦੀਸ਼ ਸਿੰਘ ਝੀਂਡਾ ਹੈ ਜਿਸਨੂੰ ਹੁਣ ਹਰਿਆਣੇ ਦੇ ਸਿੱਖਾਂ ਨੇ ਹਰਿਆਣਾ ਕਮੇਟੀ ਦਾ ਮੈਂਬਰ ਅਤੇ ਫਿਰ ਪ੍ਰਧਾਨ ਬਣਾਇਆ ਹੈ ਪਰ ਨਿਗੂਣੇ ਲਾਲਚਾਂ ਨਿੱਜੀ ਸਵਾਰਥ ਲਈ ਮੁੜ ਬਾਦਲ ਪ੍ਰੀਵਾਰ ਅਕਾਲੀ ਦਲ ਬਾਦਲ ਦੀ ਝੋਲੀ ਵਿੱਚ ਜਾ ਬੈਠਾ ਹੈ । ਇਸ ਨਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹਰਿਆਣੇ ਦੇ ਸਿੱਖਾਂ ਦਾ ਬਹੁਤ ਭਾਰੀ ਝੀਂਡਾ ਨੇ ਨੁਕਸਾਨ ਕੀਤਾ ਹੈ । ਮੀਡੀਆ ਨੂੰ ਪ੍ਰੈਸ ਨੋਟ ਜਾਰੀ ਕਰਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਕੱਤਰ ਜਨਰਲ ਸ਼੍ਰੋਮਣੀ ਅਕਾਲੀ ਦਲ



ਆਜ਼ਾਦ ਨੇ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ । ਜਥੇਦਾਰ ਮੰਡੇਬਰ ਨੇ ਕਿਹਾ ਕਿ ਹਰਿਆਣਾ ਕਮੇਟੀ ਵੱਖ ਕਰਨ ਲਈ ਹਰਿਆਣੇ ਦੇ ਸਿੱਖਾਂ ਨੇ ਇਨਾਂ ਆਗੂਆਂ ਦਾ ਬਹੁਤ ਸਾਥ ਦਿੱਤਾ ਸੀ। ਪਹਿਲਾਂ ਵੀ ਹਰਿਆਣਾ ਕਮੇਟੀ ਐਡਹਾਕ ਦੇ ਨਾਂ ਤੇ 11 'ਚੋਂ 7 ਸੀਟਾਂ ਹਰਿਆਣਾ ਕਮੇਟੀ ਦੇ ਹੱਕ ਵਿੱਚ ਜਿਤਾਈਆਂ ਸਨ ਪਰ 2011 ਵਿੱਚ ਮੁੜ ਹਰਿਆਣਾ ਕਮੇਟੀ ਨੇ ਇਨਾਂ ਆਗੂਆਂ ਦੀ ਸਵਾਰਥੀ ਸੋਚ ਕਰਕੇ ਇਨਾਂ ਤੋਂ ਫਤਵਾ ਵਾਪਸ ਲੈ ਲਿਆ ਸੀ । ਸੰਨ 2014 ਵਿੱਚ ਚੌਧਰੀ ਭੁਪਿੰਦਰ ਸਿੰਘ ਹੁੱਡਾ ਦੀ ਸਰਕਾਰ ਨੇ ਵੱਖਰੀ ਕਮੇਟੀ ਦਾ ਬਿੱਲ ਵਿਧਾਨ ਸਭਾ ਵਿੱਚ ਗੁਰਦੁਆਰਾ ਐਕਟ 2014 ਪਾਸ ਕਰ ਦਿੱਤਾ ਸੀ ਫਿਰ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਦੀ ਅਗਵਾਈ ਵਿੱਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਨੌਵੀਂ ਚੀਕਾ ਸਮੇਤ 5 ਗੁਰਦੁਆਰਾ ਸਾਹਿਬ ਦਾ ਪ੍ਰਬੰਧ ਹਰਿਆਣਾ ਕਮੇਟੀ ਨੇ ਆਪਣੇ ਹੱਥ ਲੈ ਲਿਆ ਸੀ । 2022 ਤੱਕ ਹਰਿਆਣਾ ਕਮੇਟੀ ਦਾ ਮੁੱਖ ਦਫਤਰ ਚੀਕਾ ਦੇ ਇਸ ਗੁਰਦੁਆਰਾ ਸਾਹਿਬ ਵਿੱਚ ਰਿਹਾ ਅਤੇ ਫਿਰ 13 ਜੁਲਾਈ 2020 ਨੂੰ ਕਮੇਟੀ ਦੇ 36 ਮੈਂਬਰ ਸਾਹਿਬਾਨਾਂ ਵੱਲੋਂ ਜਗਦੀਸ਼ ਸਿੰਘ ਝੀਂਡਾ ਨੂੰ ਪ੍ਰਧਾਨਗੀ ਦੀ ਕੁਰਸੀ ਤੋਂ ਉਤਾਰ ਕੇ ਜਥੇਦਾਰ ਦਾਦੂਵਾਲ ਜੀ ਨੂੰ ਸਰਬਸੰਮਤੀ ਨਾਲ ਪ੍ਰਧਾਨ ਬਣਾ ਦਿੱਤਾ ਸੀ । ਜਥੇਦਾਰ ਦਾਦੂਵਾਲ ਜੀ ਨੇ 13 ਅਗਸਤ 2020 ਨੂੰ ਕਮੇਟੀ ਦੇ ਮੈਂਬਰਾਂ ਦੀ ਚੋਣ ਕਰਵਾਈ ਜਿਸ ਵਿੱਚ ਵੋਟਾਂ ਦੇ ਬਹੁਮਤ ਨਾਲ ਦਾਦੂਵਾਲ ਜੀ ਮੁੜ ਪ੍ਰਧਾਨ ਬਣ ਗਏ ਸਨ । ਜਥੇਦਾਰ ਦਾਦੂਵਾਲ ਜੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਹਰਿਆਣਾ ਕਮੇਟੀ ਦੀ ਹੋਂਦ ਨੂੰ ਚੈਲੰਜ ਕਰਦਾ ਕੇਸ ਜੋ ਸੁਪਰੀਮ ਕੋਰਟ ਵਿੱਚ ਦਾਖਲ ਕੀਤਾ ਹੋਇਆ ਸੀ ਉਸ ਨੂੰ ਬੜੀ ਸਿਦਕਦਿਲੀ ਦੇ ਨਾਲ ਲੜਿਆ 2022 ਵਿੱਚ ਜਥੇਦਾਰ ਦਾਦੂਵਾਲ ਜੀ ਨੇ ਕੇਸ ਸੁਪਰੀਮ ਕੋਰਟ ਵਿੱਚੋਂ ਜਿੱਤ ਕੇ ਹਰਿਆਣੇ ਦੇ ਸਿੱਖਾਂ ਦੀ ਝੋਲੀ ਵਿੱਚ ਪਾਇਆ ਸੀ । ਇਸ ਤੋਂ ਬਾਅਦ ਸਮੁੱਚੇ ਗੁਰਦੁਆਰਿਆਂ ਸਕੂਲਾਂ ਕਾਲਜਾਂ ਦਾ ਪ੍ਰਬੰਧ ਹਰਿਆਣਾ ਕਮੇਟੀ ਦੇ ਹਵਾਲੇ ਹੋਇਆ । ਕੇਸ ਜਿੱਤਣ ਕਾਰਨ ਹੀ ਹਰਿਆਣਾ ਸਰਕਾਰ ਵੱਲੋਂ 40 ਸੀਟਾਂ ਤੇ ਚੋਣ ਕਰਵਾਈ ਗਈ ਹੁਣ ਸਿੱਖ ਸੰਗਤਾਂ ਦੀ ਚੁਣੀ ਹੋਈ ਕਮੇਟੀ ਪ੍ਰਬੰਧ ਕਰ ਰਹੀ ਹੈ ਪਰ ਜਗਦੀਸ਼ ਸਿੰਘ ਝੀਂਡਾ ਅਤੇ ਬਾਦਲ ਦਲ ਦੇ ਕੁੱਝ ਮੈਂਬਰਾਂ ਦੀ ਸੌੜੀ ਸੋਚ ਦੇ ਕਾਰਨ ਅੱਜ ਹਰਿਆਣਾ ਕਮੇਟੀ ਬੁਰੇ ਹਾਲਾਤਾਂ ਚੋਂ ਗੁਜ਼ਰ ਰਹੀ ਹੈ । ਇਸ ਲਈ ਬਾਦਲ ਪ੍ਰੀਵਾਰ ਬਾਦਲ ਅਕਾਲੀ ਦਲ ਦੀ ਕਠਪੁਤਲੀ ਹੱਥਠੋਕਾ ਬਣੇ ਹੋਏ ਜਗਦੀਸ਼ ਸਿੰਘ ਝੀਂਡਾ ਸਿੱਧੇ ਤੌਰ ਤੇ ਜਿੰਮੇਵਾਰ ਹੈ । ਜਥੇਦਾਰ ਮੰਡੇਬਰ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਆਪਣੇ ਸਵਾਰਥ ਲਈ ਅਤੇ ਕੁਝ ਬਾਦਲ ਦਲ ਦੇ ਮੈਂਬਰ ਨਹੀਂ ਚਾਹੁੰਦੇ ਕਿ ਹਰਿਆਣਾ ਕਮੇਟੀ ਆਜ਼ਾਦ ਤੌਰ ਤੇ ਕੰਮ ਕਰੇ ਉਹ ਮੁੜ ਇਸ ਕਮੇਟੀ ਨੂੰ ਬਾਦਲਾਂ ਦੀ ਗੁਲਾਮ ਬਣਾਉਣਾ ਚਾਹੁੰਦੇ ਹਨ ਪਰ ਅਜਿਹਾ ਕਿਸੇ ਕੀਮਤ ਤੇ ਨਹੀਂ ਹੋਣ ਦਿੱਤਾ ਜਾਵੇਗਾ। ਜਥੇਦਾਰ ਮੰਡੇਬਰ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਜਿਨਾਂ ਬਾਦਲਾਂ ਦੇ ਖਿਲਾਫ ਕਮੇਟੀ ਵੱਖਰੀ ਕਰਨ ਲਈ ਲੜਦਾ ਰਿਹਾ ਅੱਜ ਉਹਨਾਂ ਬਾਦਲਾਂ ਦੀ ਝੋਲੀ ਵਿੱਚ ਬੈਠ ਕੇ ਹਰਿਆਣਾ ਕਮੇਟੀ ਅਤੇ ਹਰਿਆਣੇ ਦੇ ਸਿੱਖਾਂ ਦਾ ਨਾਂ ਪੂਰਾ ਹੋਣ ਵਾਲਾ ਨੁਕਸਾਨ ਕਰਨ ਦਾ ਜ਼ਿੰਮੇਵਾਰ ਹੈ, ਜਿਸਦਾ ਹਿਸਾਬ ਕਿਤਾਬ ਆਉਣ ਵਾਲੇ ਸਮੇਂ ਵਿੱਚ ਸਿੱਖ ਸੰਗਤਾਂ ਝੀਂਡਾ ਕੋਲੋਂ ਜ਼ਰੂਰ ਲੈਣਗੀਆਂ।

# ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਐਲਾਨੇ 10 ਵੀਂ ਦੇ ਨਤੀਜੇ 'ਚ ਐਮੀਨੈਂਸ ਸਕੂਲ ਮੋਰਿੰਡਾ ਦੀ ਵਿਦਿਆਰਥਣ ਸੁਖਮਨੀ ਕੌਰ ਨੇ 96.46% ਅੰਕ ਲੈ ਕੇ 18ਵਾਂ ਨੰਬਰ ਕੀਤਾ ਹਾਂਸਲ

**ਮੋਰਿੰਡਾ 11 ਮਈ (ਸੁਖਵਿੰਦਰ ਸਿੰਘ ਹੈਪੀ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵਲੋਂ ਐਲਾਨੇ ਮੈਟ੍ਰਿਕ ਪ੍ਰੀਖਿਆ ਦੇ ਨਤੀਜੇ ਵਿੱਚ ਸੂਬੇਦਾਰ ਮੇਵਾ ਸਿੰਘ ਸਕੂਲ ਆਫ਼ ਐਮੀਨੈਂਸ ਮੋਰਿੰਡਾ ਦੀ ਵਿਦਿਆਰਥਣ ਸੁਖਮਨੀ ਕੌਰ ਨੇ 627 (96.46%)ਅੰਕ ਲੈਕੇ ਮੈਰਿਟ ਵਿੱਚ ਥਾਂ ਬਣਾਈ ਹੈ। ਉਸ ਨੇ ਪੰਜਾਬ ਭਰ ਵਿੱਚੋਂ 18 ਵਾਂ ਰੈਂਕ ਹਾਸਲ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਆਪਕਾ ਪਾਇਲ ਜੈਨ ਨੇ ਦੱਸਿਆ ਕਿ ਜਦੋਂ ਸਕੂਲ ਵਿੱਚ ਉਪਰੋਕਤ ਮੈਰਿਟ ਬਾਰੇ ਪਤਾ ਲੱਗਿਆ ਤਾਂ ਸਾਰੇ ਸਕੂਲ ਦੇ ਬੱਚਿਆਂ ਅਤੇ ਸਟਾਫ਼ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਕੂਲ ਦੇ ਸਟਾਫ਼ ਦੇ ਕੁੱਝ ਮੈਂਬਰਾਂ ਦਾ ਇੱਕ ਵਫਦ ਮਨਦੀਪ ਕੌਰ, ਸਿਮਰਨਜੀਤ ਕੌਰ ਭੱਲਾ ਅਤੇ ਪਾਇਲ ਜੈਨ ਦੀ ਅਗਵਾਈ ਵਿੱਚ ਵਿਦਿਆਰਥਣ ਸੁਖਮਨੀ ਕੌਰ ਨੂੰ ਵਧਾਈ ਦੇਣ ਉਹਨਾਂ ਦੇ ਘਰ ਪਿੰਡ ਨੋਗਾਵਾਂ ਵਿਖ਼ੇ ਪਹੁੰਚਿਆ.। ਐਸ ਮੌਕੇ ਬੱਚੀ



ਸੁਖਮਨੀ ਕੌਰ ਨੇ ਕਿਹਾ ਕਿ ਉਸ ਦੀ ਇਸ ਪ੍ਰਾਪਤੀ ਦਾ ਸਿਹਰਾ ਉਹਨਾਂ ਦੇ ਸਕੂਲ ਦੇ ਪ੍ਰਿੰਸੀਪਲ ਵਰਿੰਦਰਜੀਤ ਕੌਰ, ਸਮੂਹ ਦੇ ਮਿਹਨਤੀ ਸਟਾਫ਼ ਅਤੇ ਉਸ ਦੇ ਮਾਤਾ ਪਿਤਾ ਨੂੰ ਜਾਂਦਾ ਹੈ। ਸਕੂਲ ਦੀ ਇਸ ਪ੍ਰਾਪਤੀ ਤੇ ਬਲਾਕ ਨੋਡਲ ਅਫ਼ਸਰ ਸੁਰਿੰਦਰ ਕੁਮਾਰ ਘਈ,ਬਲਾਕ ਰਿਸੋਰਚ ਪਰਸਨ ਅਜੇ ਅਰੋੜਾ, ਚੰਦਰ ਸ਼ੇਖਰ ਅਤੇ ਸਾਬਕਾ ਬੀ ਐਮ ਜਸਬੀਰ ਸਿੰਘ ਸ਼ਾਂਤਪੁਰੀ ਨੇ ਮੁਬਾਰਕਬਾਦ ਦਿੰਦਿਆਂ ਬੱਚੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਹੈ।

# ''ਇੱਕ ਸ਼ਾਮ ਗ਼ਜ਼ਲ ਦੇ ਨਾਮ'' ਅਤੇ ਸਨਮਾਨ ਪ੍ਰੋਗਰਾਮ ਵਿਰਾਸਤ-ਏ-ਖਾਲਸਾ ਵਿਖੇ 17 ਮਈ ਨੂੰ, ਐਸ ਪੀ ਅਰਵਿੰਦ ਮੀਨਾ ਅਤੇ ਸ. ਜੁਝਾਰ ਸਿੰਘ ਟਾਈਗਰ ਵਲੋਂ ਪੋਸਟਰ ਜਾਰੀ

## ਹਰਜੋਤ ਸਿੰਘ ਬੈਂਸ (ਸਿੱਖਿਆ ਮੰਤਰੀ ਪੰਜਾਬ) ਮੁੱਖ ਮਹਿਮਾਨ, ਸ. ਜੁਝਾਰ ਸਿੰਘ ਟਾਈਗਰ, ਸ. ਮਲਕੀਤ ਸਿੰਘ ਰੌਣੀ ਅਤੇ ਸੁੱਖੀ ਬੱਲ ਵਿਸ਼ੇਸ਼ ਮਹਿਮਾਨ ਵਜੋਂ ਕਰਨਗੇ ਸ਼ਮੂਲੀਅਤ





**ਸ਼੍ਰੀ ਅਨੰਦਪੁਰ ਸਾਹਿਬ ( ਸੰਜੀਵ ਧਰਮਾਣੀ )** ਆਸਰਾ ਫਾਊਂਡੇਸ਼ਨ(ਰਜਿ:) ਸ਼੍ਰੀ ਅਨੰਦਪੁਰ ਸਾਹਿਬ ਅਤੇ ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਵਲੋਂ ਮਾਂ - ਬੋਲੀ ਪੰਜਾਬੀ ਅਤੇ ਸ਼ਿਵ ਕੁਮਾਰ ਬਟਾਲਵੀ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਇੱਕ ਸੰਗੀਤਕ ਪ੍ਰੋਗਰਾਮ ''ਇੱਕ ਸ਼ਾਮ ਗ਼ਜ਼ਲ ਦੇ ਨਾਮ'' 17 ਮਈ 2026 ਦਿਨ ਐਤਵਾਰ ਨੂੰ ਸ਼ਾਮ 4 ਵਜੇ ਤੋਂ ਰਾਤ 7 ਵਜੇ ਤੱਕ ਵਿਰਾਸਤ-ਏ-ਖਾਲਸਾ (ਆਡੀਟੋਰੀਅਮ) ਸ਼੍ਰੀ ਅਨੰਦਪੁਰ ਸਾਹਿਬ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਜਿਸਦਾ ਪੋਸਟਰ ਅੱਜ ਐਸ ਪੀ ਅਰਵਿੰਦ ਮੀਨਾ ਅਤੇ ਸ. ਜੁਝਾਰ ਸਿੰਘ ਟਾਈਗਰ ਵਲੋਂ ਜਾਰੀ ਕੀਤਾ ਗਿਆ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੇ ਪ੍ਰਬੰਧਕ ਦਵਿੰਦਰਪਾਲ ਸਿੰਘ, ਜਸਦੀਪ ਸਿੰਘ ਧਾਰੀਵਾਲ ਅਤੇ ਰਾਜ ਘਈ ਨੇ ਦੱਸਿਆ ਕਿ ਮਾਂ - ਬੋਲੀ ਪੰਜਾਬੀ ਅਤੇ ਸ਼ਿਵ ਕੁਮਾਰ ਬਟਾਲਵੀ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਕਰਵਾਏ ਜਾ ਰਹੇ ਇਸ ਗਜ਼ਲ ਪ੍ਰੋਗਰਾਮ ਵਿੱਚ ਜਿੱਥੇ ਪ੍ਰਸਿੱਧ ਗਜ਼ਲ ਗਾਇਕ ਸੁਨੀਲ ਡੋਗਰਾ ਸਰੋਤਿਆਂ ਦੇ ਰੂ-ਬ-ਰੂ ਹੋਣਗੇ ਉੱਥੇ ਹੀ ਹਰਜੋਤ ਸਿੰਘ ਬੈਂਸ ਸਿੱਖਿਆ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਨਗੇ। ਉੱਥੇ ਹੀ ਸ. ਜੁਝਾਰ ਸਿੰਘ ਟਾਈਗਰ ਵਰਲਡ ਸਲੈਪ ਚੈਂਪੀਅਨ, ਸ. ਮਲਕੀਤ ਸਿੰਘ ਰੌਣੀ ਪ੍ਰਸਿੱਧ ਫਿਲਮ ਅਦਾਕਾਰ ਅਤੇ ਮਾਊਂਟ ਐਮਾ ਡਬਲੰਮ ਦੀ ਛੋਟੀ ਨੂੰ ਸਰ ਕਰਨ ਵਾਲੀ ਪੰਜਾਬੀ ਔਰਤ ਸੁੱਖੀ ਬੱਲ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਿਲ ਹੋਣਗੇ। ਉਹਨਾਂ ਦੱਸਿਆ ਕਿ ਇਸ ਮੌਕੇ ਸ. ਤੇਗਬੀਰ ਸਿੰਘ (ਜਿਸਨੇ ਛੋਟੀ ਉਮਰ ਵਿਚ ਉੱਚੀਆਂ ਚੋਟੀਆਂ ਤੇ ਪਹੁੰਚਕੇ ਵਿਸ਼ਵ ਰਿਕਾਰਡ ਦੀ ਬਰਾਬਰੀ ਕੀਤੀ ਤੇ ਮਾਊਂਟ ਕਿਲਿਮੰਜਾਰੋ ਸਰ ਕਰਨ ਵਾਲਾ ਏਸ਼ੀਆ ਦਾ ਸਭ ਤੋਂ ਘੱਟ ਉਮਰ ਦਾ ਪਰਬਤਰੋਹੀ ਬਣਿਆ) ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਉਹਨਾਂ ਸਮੂਹ ਇਲਾਕਾ ਵਾਸੀਆਂ ਨੂੰ ਇਸ ਪ੍ਰੋਗਰਾਮ ਵਿਚ ਵੱਧ ਚੜ ਕੇ ਸ਼ਮੂਲੀਅਤ ਕਰਨ ਦੀ ਬੇਨਤੀ ਵੀ ਕੀਤੀ। ਇਸ ਮੌਕੇ ਨਵੀਨ ਕੁਮਾਰ, ਜਗਜੀਤ ਸਿੰਘ, ਨਵਜੀਤ ਸਿੰਘ, ਅੰਕੁਸ਼ ਕੁਮਾਰ, ਮਾਸਟਰ ਸੰਜੀਵ ਧਰਮਾਣੀ, ਸਤਿੰਦਰਪਾਲ ਸਿੰਘ, ਅਜੇ ਕੁਮਾਰ, ਦੁਰੋਹੀਂਨ ਘਈ, ਧੀਰਜ ਘਈ ਆਦਿ ਹਾਜ਼ਰ ਸਨ।

# ਪ੍ਰਸਿੱਧ ਗੀਤਕਾਰ ਮੁਖਤਿਆਰ ਸਿੰਘ ਤੁਫਾਨ ਬੀਹਲਾ ਨੂੰ ਬਾਬਾ ਜੰਗ ਸਿੰਘ ਦੀਵਾਨਾ ਨੇ ਕੀਤਾ ਸਨਮਾਨਿਤ



**ਰਾਏਕੋਟ, 11 ਮਈ (ਗੁਰਭਿੰਦਰ ਗੁਰੀ))** ਪਿਛਲੇ ਛੇ ਦਹਾਕਿਆ ਤੋ ਧਾਰਮਿਕ ਗੀਤਾ ਅਤੇ ਪਰਿਵਾਰਕ ਗੀਤਾ ਨਾਲ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦੇ ਆ ਰਹੇ ਪ੍ਰਸਿੱਧ ਗੀਤਕਾਰ ਮੁਖਤਿਆਰ ਸਿੰਘ ਤੁਫਾਨ ਬੀਹਲਾ ਨੂੰ ਅੱਜ ਇਲਾਕੇ ਦੇ ਉੱਘੇ ਸਮਾਜ ਸੇਵਕ ਬਾਬਾ ਜੰਗ ਸਿੰਘ ਦੀਵਾਨਾ ਨੇ ਸਨਮਾਨਿਤ ਕੀਤਾ ਅਤੇ ਉਨ੍ਹਾ ਦੀ ਸਿਹਤਯਾਬੀ ਲਈ ਅਰਦਾਸ ਕੀਤੀ,ਬੀਤੇ ਮਹੀਨੇ ਗੀਤਕਾਰ ਮੁਖਤਿਆਰ ਸਿੰਘ ਤੁਫਾਨ ਬੀਹਲਾ ਦਿਲ ਦੀ ਬਿਮਾਰੀ ਤੋ ਪੀੜ੍ਹਤ ਹੋਣ ਕਰਕੇ ਬਠਿੰਡਾ ਦੇ ਇੱਕ ਹਸਪਤਾਲ ਤੋ ਇਲਾਜ ਚੱਲ ਰਿਹਾ ਹੈ।ਅਜੇ ਕੁਝ ਦਿਨ ਪਹਿਲਾ ਹੀ ਉਹ ਤੰਦਰੁਸਤ ਹੋ ਕੇ ਆਪਣੇ ਘਰ ਪਹੁੰਚੇ ਹਨ।ਅੱਜ ਉਨ੍ਹਾ ਦੇ ਸਨਮਾਨ ਮੌਕੇ ਉਨ੍ਹਾ ਆਪਣੀ ਜਿੰਦਗੀ ਦੀਆ ਅਨੇਕਾ ਅਭੁੱਲ ਯਾਦਾ ਸਾਝੀਆ ਕਰਦਿਆ 1990 ਵਿਚ ਪ੍ਰਸਿੱਧ ਲੋਕ ਗਾਇਕ ਨਛੱਤਰ ਛੱਤਾ ਦੀ ਅਵਾਜ ਵਿਚ ਰਿਕਾਰਡ ਹੋਇਆ ਗੀਤ 'ਲੈ ਜੀ ਇੱਕ ਸੁਨੇਹਾ ਮੇਰੇ ਬਾਬਲ ਵਰਗਿਆ ਵੇ' (ਕੌਲਾ) ਆਪਣੀ ਅਵਾਜ ਰਾਹੀ ਗੁਣ-ਗਣਾ ਕੇ ਸੁਣਾਇਆ ਅਤੇ ਕਿਹਾ ਇਹ ਗੀਤ ਮੇਰੇ ਦਿਲ ਦੀ ਅਵਾਜ ਹੈ।ਇਸ ਮੌਕੇ ਉਨ੍ਹਾ ਵੱਲੋ ਲਿਖੇ ਧਾਰਮਿਕ ਪ੍ਰਸੰਗਾ ਅਤੇ ਵੱਖ-ਵੱਖ ਕਲਾਕਾਰਾ ਵੱਲੋ ਗਏ ਪਰਿਵਾਰ ਗੀਤਾ ਬਾਰੇ ਵੀ ਜਾਣਕਾਰੀ ਦਿੱਤੀ।ਇਸ ਮੌਕੇ ਉਨ੍ਹਾ ਨਾਲ ਬੀਬੀ ਦਲਜੀਤ ਕੌਰ ਬੀਹਲਾ,ਰਾਜਵੰਤ ਸਿੰਘ ਬੀਹਲਾ ਕੈਨੇਡਾ,ਢਾਡੀ ਰਾਜਬੰਤ ਸਿੰਘ ਬੀਹਲਾ,ਪਰਮਜੀਤ ਕੌਰ,ਰਾਜਜੀਵਨ ਸਿੰਘ ਬੀਹਲਾ ਕੈਨੇਡਾ,ਰਾਜਵੀਰ ਕੌਰ ਬੀਹਲਾ,ਜਸਵਿੰਦਰ ਕੌਰ,ਰਾਜਕ੍ਰਿਸ਼ਨ ਸਿੰਘ ਬੀਹਲਾ ਯੂ ਕੇ,ਪੋਤਰਾ ਧਰਮਵੀਰ ਸਿੰਘ,ਪੋਤਰੀ ਗੁਰਮੀਤ ਕੌਰ,ਗੁਰਜੋਤ ਸਿੰਘ,ਪੋਤਰੀ ਗੁਲਸਨ ਕੌਰ,ਕੋਮਲਪ੍ਰੀਤ ਕੌਰ,ਬਲਜੋਤ ਸਿੰਘ,ਨਵਦੀਪ ਕੌਰ,ਕਰਨਵੀਰ ਸਿੰਘ,ਭਾਈ ਕਰਮ ਸਿੰਘ ਬੀਹਲਾ,ਯੂਥ ਆਗੂ ਸਤਨਾਮ ਸਿੰਘ ਝੋਰੜਾ,ਪੱਤਰਕਾਰ ਹਰਦੀਪ ਕੌਸ਼ਲ ਮੱਲ੍ਹਾ, ਢਾਡੀ ਹਰਭਜਨ ਸਿੰਘ ਭੱਟੀ ਬਿਲਾਸਪੁਰ,ਗੁਰਸੇਵਕ ਸਿੰਘ ਸੋਹੀ ਆਦਿ ਹਾਜ਼ਰ ਸਨ।

# ਭਗਤਾਂਵਾਲਾ ਮੰਡੀ 'ਚ ਆੜ੍ਹਤੀਆਂ ਦੀ ਹੋ ਰਹੀ ਦੁਰਦਸ਼ਾ

## ਸਰਕਾਰ ਅਤੇ ਮਾਰਕੀਟ ਕਮੇਟੀ ਦੀ ਨਾਲਾਇਕੀ ਕਾਰਨ ਲੱਖਾਂ ਤੋੜੇ ਕਣਕ ਖੁੱਲ੍ਹੇ ਅਸਮਾਨ ਹੇਠ ਰੁਲਣ ਲਈ ਮਜਬੂਰ



**ਅੰਮ੍ਰਿਤਸਰ, 11 ਮਈ ( ਲਖਵਿੰਦਰ ਸਿੰਘ ਗਿੱਲ )**-ਪੰਜਾਬ ਸਰਕਾਰ ਵੱਲੋਂ ਕਣਕ ਦੀ ਖ਼ਰੀਦ ਦੇ ਕੀਤੇ ਗਏ ਵੱਡੇ-ਵੱਡੇ ਦਾਅਵੇ ਅੰਮ੍ਰਿਤਸਰ ਦੀ ਭਗਤਾਂਵਾਲਾ ਮੰਡੀ ਵਿੱਚ ਫੇਲ੍ਹ ਸਾਬਤ ਹੋ ਰਹੇ ਹਨ। ਕਣਕ ਦੀ ਸਰਕਾਰੀ ਖ਼ਰੀਦ ਬੰਦ ਹੋਣ ਦੇ ਬਾਵਜੂਦ, ਮੰਡੀ ਵਿੱਚ ਮਾਰਕੀਟ ਕਮੇਟੀ ਦੀ ਅਣਗਹਿਲੀ ਅਤੇ ਪ੍ਰਸ਼ਾਸਨਿਕ ਢਿੱਲ-ਮੱਠ ਕਾਰਨ ਆੜ੍ਹਤੀਆਂ ਅਤੇ ਕਿਸਾਨਾਂ ਦਾ ਜਿਊਣਾ ਮੁਹਾਲ ਹੋ ਗਿਆ ਹੈ। ਸੂਤਰਾਂ ਅਨੁਸਾਰ ਭਗਤਾਂਵਾਲਾ ਮੰਡੀ ਵਿੱਚ ਕੁੱਲ 6 ਲੱਖ ਤੋੜੇ ਕਣਕ ਦੀ ਖ਼ਰੀਦ ਹੋਈ ਸੀ, ਜਿਸ ਵਿੱਚੋਂ ਕਰੀਬ 4 ਲੱਖ ਤੋੜੇ ਅਜੇ ਵੀ ਮੰਡੀ ਵਿੱਚ ਹੀ ਰੁਲ ਰਹੇ ਹਨ। ਸਰਕਾਰ ਵੱਲੋਂ ਸਮੇਂ ਸਿਰ ਲਿਫਟਿੰਗ ਨਾ ਹੋਣ ਕਾਰਨ ਮੰਡੀ ਅਨਾਜ ਦੇ ਢੇਰਾਂ ਨਾਲ ਭਰੀ ਪਈ ਹੈ, ਪਰ ਪ੍ਰਸ਼ਾਸਨ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕ ਰਹੀ। ਸੀਜ਼ਨ ਖ਼ਤਮ ਹੋਣ ਉਪਰੰਤ ਲੇਬਰ ਆਪਣੇ ਘਰਾਂ ਨੂੰ ਪਰਤ ਚੁੱਕੀ ਹੈ, ਜਿਸ ਕਾਰਨ ਗੱਡੀਆਂ ਲੋਡ ਕਰਨ ਵਿੱਚ ਭਾਰੀ ਦਿੱਕਤਾਂ ਆ ਰਹੀਆਂ ਹਨ। ਮਾਰਕੀਟ ਕਮੇਟੀ ਦੀ ਨਾਕਾਮੀ ਕਾਰਨ ਆੜ੍ਹਤੀਆਂ ਨੂੰ ਆਪਣੀ ਜੇਬ ਵਿੱਚੋਂ ਖਰਚਾ ਕਰਕੇ ਕਿਰਾਏ ਦੀਆਂ ਗੱਡੀਆਂ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ। ਆੜ੍ਹਤੀਆਂ ਵੱਲੋਂ ਆਪਣੇ ਪੱਧਰ 'ਤੇ ਭੇਜੀਆਂ ਗਈਆਂ ਗੱਡੀਆਂ ਗੁਦਾਮਾਂ ਵਿੱਚ ਕਈ-ਕਈ ਦਿਨ ਖਾਲੀ ਨਹੀਂ ਹੋ ਰਹੀਆਂ। ਗੱਡੀਆਂ ਖੜ੍ਹਨ ਕਾਰਨ ਆੜ੍ਹਤੀਆਂ ਨੂੰ ਭਾਰੀ ਜੁਰਮਾਨਾ ਅਤੇ ਘਾਟਾ ਸਹਿਣਾ ਪੈ ਰਿਹਾ ਹੈ। ਮਾਰਕੀਟ ਕਮੇਟੀ ਅਤੇ ਸਬੰਧਤ ਵਿਭਾਗ ਇਸ ਗੰਭੀਰ ਮਸਲੇ 'ਤੇ ਮੂਕ ਦਰਸ਼ਕ ਬਣੇ ਬੈਠੇ ਹਨ। ਆੜ੍ਹਤੀਆਂ ਨੇ ਪੰਜਾਬ ਸਰਕਾਰ ਅਤੇ ਮਾਰਕੀਟ ਕਮੇਟੀ ਵਿਰੁੱਧ ਤਿੱਖੀ ਭੜਾਸ ਕੱਢਦਿਆਂ ਕਿਹਾ ਕਿ ਸਰਕਾਰ ਨੇ ਸਿਰਫ਼ ਕਾਗਜ਼ਾਂ ਵਿੱਚ ਹੀ ਖ਼ਰੀਦ ਦੇ ਪ੍ਰਬੰਧ ਮੁਕੰਮਲ ਕੀਤੇ ਸਨ। ਅਸਲੀਅਤ ਵਿੱਚ ਮੰਡੀਆਂ ਵਿੱਚ ਆੜ੍ਹਤੀਆਂ ਨੂੰ ਰੱਬ ਆਸਰੇ ਛੱਡ ਦਿੱਤਾ ਗਿਆ ਹੈ। ਜੇਕਰ ਜਲਦੀ ਲਿਫਟਿੰਗ ਦਾ ਕੰਮ ਤੇਜ਼ ਨਾ ਕੀਤਾ ਗਿਆ ਅਤੇ ਗੁਦਾਮਾਂ ਵਿੱਚ ਗੱਡੀਆਂ ਖਾਲੀ ਕਰਨ ਦੇ ਪੁਖ਼ਤਾ ਪ੍ਰਬੰਧ ਨਾ ਹੋਏ, ਤਾਂ ਆੜ੍ਹਤੀਆਂ ਵੱਲੋਂ ਸਰਕਾਰ ਵਿਰੁੱਧ ਤਿੱਖਾ ਸੰਘਰਸ਼ ਵਿੱਢਿਆ ਜਾਵੇਗਾ।

## ਪੰਜਾਬ ਰਾਜ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਨੇ ਵਿਧਾਇਕ ਸੰਤੋਸ਼ ਕਟਾਰੀਆ ਨੂੰ ਦਿੱਤਾ ਮੰਗ ਪੱਤਰ



**ਬਲਾਚੌਰ11ਮਈ (ਜਤਿੰਦਰ ਪਾਲ ਸਿੰਘ ਕਲੇਰ )** -ਦੀ ਪੰਜਾਬ ਰਾਜ ਸਹਿਕਾਰੀ ਸਭਾਵਾਂ ਕਰਮਚਾਰੀ ਯੂਨੀਅਨ ਵਲੋਂ ਹਰਦੀਪ ਸਿੰਘ ਭੂੰਬਲਾ ਜਰਨਲ ਸਕੱਤਰ ਅਤੇ ਜ਼ਿਲ੍ਹਾ ਵਾਈਸ ਪ੍ਰਧਾਨ ਦਮਨਜੀਤ ਸਿੰਘ ਦਿਆਲ ਦੀ ਰਹਿਨੁਮਾਈ ਹੇਠ ਵਿਧਾਇਕ ਸੰਤੋਸ਼ ਕਟਾਰੀਆ ਨੂੰ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਦੇ ਨਵੇਂ ਹੱਦ ਕਰਜਿਆਂ ਅਨੁਸਾਰ ਕਰਜਾ ਜਾਰੀ ਨਾ ਕਰਨ ਸੰਬੰਧੀ ਮੰਗ ਪੱਤਰ ਦਿੱਤਾ ਗਿਆ। ਯੂਨੀਅਨ ਵਲੋਂ ਵਿਧਾਇਕ ਨੂੰ ਦੱਸਿਆ ਗਿਆ ਕਿ ਪਹਿਲਾਂ ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਸਭਾਵਾਂ ਰਾਹੀਂ ਦਿੱਤੇ ਜਾਂਦੇ ਕਰਜ਼ੇ ਵਿਚ ਵਾਧਾ ਕੀਤਾ ਗਿਆ ਸੀ ਪਰ ਬੈਂਕ ਵਲੋਂ ਫੰਡ ਨਾ ਹੋਣ ਦਾ ਬਹਾਨਾ ਬਣਾ ਕੇ ਇਸ ਵਿਰੁੱਧ ਹੜਤਾਲ ਕੀਤੀ ਗਈ ਜਿਸ ਤੇ ਬੇਵਸ ਹੋ ਕੇ ਸਰਕਾਰ ਵਲੋਂ ਹੱਦ ਕਰਜਿਆਂ ਵਿਚ ਵਾਧਾ ਨਾ ਕਰਕੇ ਪੁਰਾਣ ਹੱਦ ਕਰਜ਼ਿਆਂ ਅਨੁਸਾਰ ਹੀ ਕਰਜ਼ਾ ਜਾਰੀ ਕਰਨ ਦਾ ਫੁਰਮਾਨ ਸੁਣਾਇਆ ਗਿਆ। ਕਿਸਾਨਾ ਨਾਲ ਹੋ ਰਹੇ ਇਸ ਧੱਕੇ ਦੇ ਵਿਰੋਧ 'ਚ ਦੀ ਪੰਜਾਬ ਰਾਜ ਸਹਿਕਾਰੀ ਸਭਾ ਕਰਮਚਾਰੀ ਯੂਨੀਅਨ ਪੰਜਾਬ ਵਲੋਂ 7 ਮਈ ਨੂੰ 10 ਮਈ ਤੱਕ ਹੜਤਾਲ ਦਾ ਨੋਟਿਸ ਦਿੱਤਾ ਗਿਆ ਸੀ। ਵਿਧਾਇਧ ਵਲੋਂ ਯੂਨੀਅਨ ਨਾਲ ਸਭਾਵਾਂ ਕਰਮਚਾਰੀਆਂ ਦੇ ਮਸਲੇ 'ਤੇ ਵੀ ਵਿਚਾਰਾਂ ਕੀਤੀਆਂ ਗਈਆਂ ਇਸ ਦੇ ਨਾਲ ਕਰਮਚਾਰੀ ਦੇ ਸਰਵਿਸ ਰੂਲਰ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ। ਵਿਧਾਇਕ ਵਲੋਂ ਯੂਨੀਅਨ ਨੂੰ ਭਰੋਸਾ ਦਿੱਤਾ ਗਿਆ ਕਿ ਜਲਦੀ ਹੀ ਮੁੱਖ ਮੰਤਰੀ ਨੂੰ ਮਿਲ ਕੇ ਇਹ ਮਸਲੇ ਹੱਲ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਇਸ ਮੌਕੇ ਤੇ ਰਾਜਕੁਮਾਰ ਜਾਡਲੀ, ਅਮਨ ਭਾਰਤਵਾਜ, ਬਲਿਹਾਰ ,ਰਾਜਵੰਤ, ਹਰਜਿੰਦਰ ,ਕਮਲਜੀਤ, ਲਾਲ, ਸੁਖਵੀਰ ,ਪ੍ਰਿੰਸ ,ਰਵਿੰਦਰ ਬੇਗਮਪੁਰ, ਗੌਰਵ ,ਸੁਖਵਿੰਦਰ ,ਗੁਰਪ੍ਰੀਤ, ਭੁਪਿੰਦਰ ,ਕ੍ਰਾਂਤੀ ,ਮਨਜੀਤ , ਮੌਜੂਦ ਸਨ।

## ਪਿੰਡ ਮੱਲ੍ਹਾ ਦੇ ਪ੍ਰਾਇਮਰੀ ਸਕੂਲਾ ਵੱਲੋਂ ਧਾਰਮਿਕ ਸਮਾਗਮ ਸ਼ੁਰੂ



**ਰਾਏਕੋਟ, 11 ਮਈ (ਗੁਰਭਿੰਦਰ ਗੁਰੀ))** -ਪਿੰਡ ਮੱਲ੍ਹਾ ਦੇ ਦੋਵੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲਾ ਦੇ ਸਟਾਫ ਵੱਲੋ ਸਕੂਲ ਦੀ ਪ੍ਰਬੰਧਕੀ ਕਮੇਟੀ,ਗ੍ਰਾਮ ਪੰਚਾਇਤ ਮੱਲ੍ਹਾ,ਐਨ ਆਰ ਆਈ ਵੀਰਾ ਅਤੇ ਪਿੰਡ ਵਾਸੀਆ ਦੇ ਸਹਿਯੋਗ ਨਾਲ ਅੱਜ ਤਿੰਨ ਰੋਜਾ ਧਰਮਿਕ ਸਮਾਗਮ ਸ੍ਰੀ ਗੁਰਦੁਆਰਾ ਬਾਬਾ ਮੱਘਰ ਸਿੰਘ ਜੀ ਪਿੰਡ ਮੱਲ੍ਹਾ ਵਿਖੇ ਸੁਰੂ ਹੋ ਗਏ।ਇਸ ਧਾਰਮਿਕ ਸਮਾਗਮ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਅਧਿਆਪਕਾ ਮੈਡਮ ਸੋਨੀਆ ਰਾਣੀ ਅਤੇ ਮੁੱਖ ਅਧਿਆਪਕਾ ਗਗਨਦੀਪ ਕੌਰ ਤੂਰ ਨੇ ਦੱਸਿਆ ਕਿ ਬੱਚਿਆ ਦੇ ਸੁਨਹਿਰੀ ਭਵਿੱਖ ਲਈ ਅਤੇ ਸਰਬੱਤ ਦੇ ਭਲੇ ਲਈ ਅੱਜ ਦਿਨ ਸੋਮਵਾਰ ਨੂੰ ਸ੍ਰੀ ਆਖੰਡ ਪਾਠ ਸਾਹਿਬ ਪ੍ਰਕਾਸ ਕੀਤੇ ਗਏ ਹਨ।ਜਿਨ੍ਹਾ ਦੇ ਬੁੱਧਵਾਰ 13 ਮਈ ਨੂੰ ਸਵੇਰੇ ਦਸ ਵਜੇ ਭੋਗ ਪਾਏ ਜਾਣਗੇ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਜਾਵੇਗੀ।ਉਨ੍ਹਾ ਦੱਸਿਆ ਕਿ ਇਸ ਮੌਕੇ ਸਕੂਲੀ ਬੱਚਿਆ ਵੱਲੋ ਸਬਦ ਕੀਰਤਨ,ਕਵੀਸਰੀ ਅਤੇ ਢਾਡੀ ਵਾਰਾ ਵੀ ਪੇਸ ਕੀਤੀਆ ਜਾਣਗੀਆ।ਇਸ ਮੌਕੇ ਸਰਪੰਚ ਗੁਰਮੇਲ ਸਿੰਘ ਮੱਲ੍ਹਾ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮਾ ਵਿਚ ਸਾਨੂੰ ਵੱਧ ਚੜ੍ਹ ਕੇ ਸਹਿਯੋਗ ਦੇਣਾ ਚਾਹੀਦਾ ਹੈ।ਇਸ ਮੌਕੇ ਉਨ੍ਹਾ ਨਾਲ ਸਰਪੰਚ ਗੁਰਮੇਲ ਸਿੰਘ ਮੱਲ੍ਹਾ,ਸਾਬਕਾ ਸਰਪੰਚ ਹਰਬੰਸ ਸਿੰਘ ਢਿੱਲੋ, ਮੁੱਖ ਅਧਿਆਪਕਾ ਮੈਡਮ ਸੋਨੀਆ ਰਾਣੀ,ਮੁੱਖ ਅਧਿਆਪਕਾ ਗਗਨਦੀਪ ਕੌਰ ਤੂਰ, ਮੁੱਖ ਅਧਿਆਪਕਾ ਮੈਡਮ ਸੈਲੀ ਜਗਰਾਉ, ਰਜਨੀ ਗੁੱਪਤਾ, ਪੰਚ ਗੁਰਚਰਨ ਸਿੰਘ ਚੰਨਾ, ਪੰਚ ਇੰਦਰਜੀਤ ਸਿੰਘ, ਪੰਚ ਜਗਤਾਰ ਸਿੰਘ ਲਾਇਨਮੈਨ, ਪੰਚ ਬਿੱਕਰ ਸਿੰਘ, ਸਮਾਜ ਸੇਵਕ ਨਛੱਤਰ ਸਿੰਘ ਸਰਾਂ ਕੈਨੇਡਾ, ਪ੍ਰਧਾਨ ਕੁਲਦੀਪ ਸਿੰਘ ਗੋਗਾ,ਨੰਬੜਦਾਰ ਜਗਜੀਤ ਸਿੰਘ ਮੱਲ੍ਹਾ, ਪ੍ਰਧਾਨ ਗੁਰਦੇਵ ਸਿੰਘ ਮੱਲ੍ਹਾ, ਠੇਕੇਦਾਰ ਅਮਰਜੀਤ ਸਿੰਘ ਮੱਲ੍ਹਾ,ਰਜਿੰਦਰ ਸਿੰਘ ਗਾਗਾ, ਸੂਬੇਦਾਰ ਅਨੋਖ ਸਿੰਘ, ਸੂਬੇਦਾਰ ਰਣਜੀਤ ਸਿੰਘ ਸਿਵੀਆ, ਸੂਬੇਦਾਰ ਜਸਵੰਤ ਸਿੰਘ ਸਿਵੀਆ, ਮਾ:ਗੁਰਚਰਨ ਸਿੰਘ ਬੁੱਟਰ,ਪਰਮਜੀਤ ਕੌਰ ਰਸੂਲਪੁਰ, ਮਾ:ਸਾਜਨ ਕੁਮਾਰ, ਮਾ:ਮਨਦੀਪ ਸਿੰਘ,ਮਨਦੀਪ ਕੌਰ,ਪੰਚ ਇੰਦਰਜੀਤ ਸਿੰਘ,ਸਾਬਕਾ ਪੰਚ ਪ੍ਰਿਤਪਾਲ ਕੌਰ,ਮਨੀ ਮੱਲ੍ਹਾ, ਮਾ:ਅਮਨਦੀਪ ਸਿੰਘ ਢਿੱਲਵਾ,ਮਹਿੰਦਰ ਸਿੰਘ,ਜੋਰਾ ਸਿੰਘ ਆਦਿ ਹਾਜ਼ਰ ਸਨ।

ਫੋਟੋ ਕੈਪਸ਼ਨ:-ਪਿੰਡ ਮੱਲ੍ਹਾ ਵਿਖੇ ਚੱਲ ਰਹੇ ਧਾਰਮਿਕ ਸਮਾਗਮਾ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਅਧਿਆਪਕਾ ਮੈਡਮ ਸੋਨੀਆ ਰਾਣੀ,ਮੁੱਖ ਅਧਿਆਪਕਾ ਗਗਨਦੀਪ ਕੌਰ ਤੂਰ,ਗ੍ਰਾਮ ਪੰਚਾਇਤ ਮੱਲ੍ਹਾ ਅਤੇ ਪ੍ਰਬੰਧਕੀ ਕਮੇਟੀ।

## ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸਹੌਲੀ ਵਿਖੇ ਰਾਸ਼ਟਰੀ ਟੈਕਨੋਲੋਜੀ ਦਿਵਸ ਮਨਾਇਆ



ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਸਹੌਲੀ ਵਿਖੇ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਮਨਮੋਹਣ ਕੌਰ ਜੀ ਦੀ ਅਗਵਾਈ ਤੇ ਲੈਕਚਰਾਰ ਭੁਪਿੰਦਰ ਸਿੰਘ ਦੀ ਦੇਖ ਰੇਖ ਹੇਠ ਰਾਸ਼ਟਰੀ ਤਕਨਾਲੋਜੀ ਦਿਵਸ ਮਨਾਇਆ ਤੇ ਇਸ ਦੇ ਤਹਿਤ ਕੁਇਜ਼ ਮੁਕ-ਾਬਲਾ ਕਰਵਾਇਆ ਗਿਆ। ਜਿਸ ਵਿੱਚ ਸਤਲੁਜ ਹਾਊਸ, ਬਿਆਸ ਹਾਊਸ, ਰਾਵੀ ਹਾਊਸ ਅਤੇ ਝਨਾਬ ਹਾਊਸ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸ. ਭੁਪਿੰਦਰ ਸਿੰਘ ਲੈਕਚਰਾਰ ਮੈਥ ਨੇ ਰਾਸ਼ਟਰੀ ਤਕਨਾਲੋਜੀ ਦਿਵਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਦਿਨ 11 ਮਈ 1998 ਨੂੰ ਪੋਖਰਣ ਵਿਖੇ ਭਾਰਤ ਦੇ ਮਹਾਨ ਵਿਗਿਆਨੀ ਅਬਦੁਲ ਕਲਾਮ ਦੀ ਅਗਵਾਈ ਹੇਠ ਕੀਤੇ ਗਏ ਪਰੀਖਣਾਂ ਨੂੰ ਸਮਰਪਿਤ ਹੈ। ਵਿਗਿਆਨ ਖੇਤਰ ਵਿੱਚ ਟੈਕਨੋਲੋਜੀ ਦੇ ਅਥਾਹ ਵਾਧੇ ਨਾਲ ਭਾਰਤ ਦੇਸ਼ ਤਰੱਕੀ ਵੱਲ ਨੂੰ ਵੱਧ ਰਿਹਾ ਹੈ। ਇਸ ਸਬੰਧੀ ਕਰਵਾਏ ਗਏ ਕੁਇਜ਼ ਮੁਕਾਬਲੇ ਦੀ ਸਾਰੀ ਪ੍ਰਕਿਰਿਆ ਸ਼੍ਰੀਮਤੀ ਮਨਦੀਪ ਕੌਰ ਕੰਪਿਊਟਰ ਅਧਿਆਪਕਾਂ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਅਤੇ ਵਿਦਿਆਰਥੀਆਂ ਤੋਂ ਬਹੁਤ ਹੀ ਗਿਆਨ ਭਰਪੂਰ ਪ੍ਰਸ਼ਨ ਪੁੱਛੇ ਤੇ ਵਿਦਿਆਰਥੀਆਂ ਦੁਆਰਾ ਹਰੇਕ ਪ੍ਰਸ਼ਨ ਦਾ ਉੱਤਰ ਢੁਕਵੇਂ ਸ਼ਬਦਾਂ ਵਿਚ ਦਿੱਤਾ ਗਿਆ। ਕੁਇਜ਼ ਮੁਕਾਬਲੇ ਵਿਚ ਪਹਿਲੇ ਸਥਾਨ ਤੇ ਝਨਾਬ ਅਤੇ ਦੂਸਰੇ ਸਥਾਨ ਤੇ ਰਾਵੀ ਹਾਊਸ ਨੇ ਮੱਲਾਂ ਮਾਰੀਆਂ। ਇਸ ਮੌਕੇ ਸ. ਕੁਲਦੀਪ ਸਿੰਘ ਡੀਪੀਈ ਨੇ ਕੁਇਜ਼ ਮੁਕਾਬਲੇ ਵਿਚ ਅਨੁਸ਼ਾਸਨ ਦੀ ਮਹੱਤਤਾ ਵਿਸ਼ੇ 'ਤੇ ਲੈਕਚਰ ਦਿੱਤਾ। ਸ਼੍ਰੀਮਤੀ ਹਰਜੀਤ ਕੌਰ ਹਿੰਦੀ ਮਿਸਟ੍ਰੈਸ ਨੇ ਕੁਇਜ਼ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੱਤੀਆਂ ਤੇ ਇਸ ਪ੍ਰੋਗਰਾਮ ਦੇ ਸਫਲ ਸੰਚਾਲਨ ਵਾਸਤੇ ਪ੍ਰਿੰਸੀਪਲ ਮੈਡਮ ਮਨਮੋਹਨ ਕੌਰ ਤੇ ਲੈਕਚਰਾਰ ਭੁਪਿੰਦਰ ਸਿੰਘ ਨੇ ਸਾਰੇ ਅਧਿਆਪਕਾਂ ਦਾ ਧੰਨਵਾਦ ਕੀਤਾ ਅਤੇ ਨਤੀਜਿਆਂ ਸਬੰਧੀ ਵਿਸ਼ੇਸ਼ ਜਾਣਕਾਰੀ ਦਿੰਦਿਆਂ ਆਖਿਆ ਕਿ ਦਸਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਸਸਸਸ ਸਹੌਲੀ ਦੇ ਸਾਰੇ ਵਿਦਿਆਰਥੀ ਚੰਗੇ ਅੰਕਾਂ ਨਾਲ ਪਾਸ ਹੋਏ ਹਨ। ਪ੍ਰਿੰਸੀਪਲ ਮੈਡਮ ਮਨਮੋਹਨ ਕੌਰ ਨੇ ਇਹਨਾਂ ਸ਼ਾਨਦਾਰ ਨਤੀਜਿਆਂ ਵਾਸਤੇ ਵਿਦਿਆਰਥੀਆਂ ਅਧਿਆਪਕਾਂ ਤੇ ਮਾਪਿਆਂ ਦੇ ਸਹਿਯੋਗ ਦੀ ਸ਼ਲਾਘਾ ਕੀਤੀ ਅਤੇ ਆਖਿਆ ਕਿ ਨਵੇਂ ਸੈਸ਼ਨ ਵਿੱਚ ਦਾਖਲ ਹੋਣ ਵਾਲੇ ਹੁਸ਼ਿਆਰ ਤੇ ਹੋਣਹ-ਾਰ ਵਿਦਿਆਰਥੀਆਂ ਦੀ ਪੂਰੀ ਫੀਸ ਮਾਫ ਕੀਤੀ ਜਾਵੇਗੀ।ਇਸ ਮੌਕੇ ਮਾਸਟਰ. ਕੁਲਵੰਤ ਸਿੰਘ, ਮੈਡਮ ਸ਼੍ਰੀਮਤੀ ਰਣਜੀਤ ਕੌਰ, ਮੈਡਮ ਸ਼੍ਰੀਮਤੀ ਬਖਸ਼ੀਸ਼ ਕੌਰ, ਮੈਡਮ ਸ਼੍ਰੀਮਤੀ ਪਰਦੀਪ ਕੌਰ, ਮੈਡਮ ਸ਼੍ਰੀਮਤੀ ਨਵਦੀਪ ਕੌਰ, ਸ੍ਰੀ ਸ਼ਿੰਟੂ ਕੁਮਾਰ ਤੇ ਮਨਜੀਤ ਸਿੰਘ ਤੋਂ ਇਲਾਵਾ ਹੋਰ ਅਧਿਆਪਕ ਹਾਜ਼ਰ ਹਨ।

## ਨੋਵਾ ਹਸਪਤਾਲ ਵੱਲੋਂ ਲਗਾਇਆ ਫਰੀ ਮੈਡੀਕਲ ਕੈਂਪ



ਬਲਾਚੌਰ 11 ਮਈ (ਜਤਿੰਦਰ ਪਾਲ ਸਿੰਘ ਕਲੇਰ ) ਬਲਾਚੌਰ ਦੇ ਨਗਰ ਕੌਂਸਲ ਦਫਤਰ ਨਜ਼ਦੀਕ ਨੋਵਾ ਹਸਪਤਾਲ ਵਲੋਂ ਮਾਹਾਰਾਣਾ ਪ੍ਰਤਾਪ ਜੰਤੀ ਤੇ ਬਜਾਜ ਪੇਲੈਸ ਵਿਖੇ ਫ੍ਰੀ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਹੋਇਆਂ ਡਾ ਪੀਯੂਸ਼ ਚੋਪੜਾ ,ਡਾ ਮਨਮੀਤ ਨਾਗਰਾਂ ਨੇ ਦੱਸਿਆਂ ਕਿ ਲੱਗਭਗ 103 ਦੇ ਕਰੀਬ ਮਰੀਜਾਂ ਨੇ ਆਪਣੀ ਮੈਡੀਕਲ ਕੈਂਪ ਚ ਜਾਂਚ ਕਰਵਾ ਕੇ ਫ੍ਰੀ ਦਵਾਈਆਂ ਵੀ ਪ੍ਰਾਪਤ ਕੀਤੀਆਂ।ਇਸ ਮੌਕੇ ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਨੋਵਾ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਹਰਪ੍ਰੀਤ ਸਿੰਘ ਧਾਮੀ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਵੀ ਉਹਨਾਂ ਦੀ ਹਸਪਤਾਲ ਦੇ ਵੱਲੋਂ ਵੱਖ-ਵੱਖ ਕੈਂਪ ਲਗਾਏ ਜਾਣਗੇ। ਜਿਸ ਦਾ ਲਾਭ ਲੋਕਾਂ ਵੱਲੋਂ ਵੱਧ ਤੋਂ ਵੱਧ ਉਠਾਇਆ ਜਾਵੇ।

# ਦੂਰ-ਦੁਰਾਡੇ ਲਾਈਆਂ ਜਨਗਣਨਾ ਸਬੰਧੀ ਡਿਊਟੀਆਂ ਲਈ ਵਫਦ ਐੱਸ ਡੀ ਐੱਮ ਨੂੰ ਮਿਲਿਆ

**ਐੱਸ ਡੀ ਐੱਮ ਨੇ ਹੱਲ ਕਰਨ ਦਾ ਕੀਤਾ ਵਾਅਦਾ -- ਜੱਥੇਬੰਦਕ ਆਗੂ**



ਜਨਗਣਨਾ 2027 ਲਈ ਅਧਿਆਪਕਾਂ ਸਮੇਤ ਵੱਖ-ਵੱਖ ਮੁਲਾਜ਼ਮਾਂ ਦੀਆਂ ਡਿਊਟੀਆਂ ਬਤੌਰ ਗਿਣਤੀਕਾਰ ਤੇ ਸੁਪਰਵਾਈਜ਼ਰ ਵਜੋਂ ਤਹਿਸੀਲਦਾਰ ਪੱਧਰ ਤੇ ਲਗਾਈਆਂ ਗਈਆਂ ਸਨ ਪਰ ਬਲਾਕ ਸਿੱਧਵਾਂ ਬੇਟ 2 ਅਧੀਨ ਆਉਂਦੇ ਬਹੁਤ ਸਾਰੇ ਅਧਿਆਪਕਾਂ ਖਾਸਕਰ ਔਰਤ ਅਧਿਆਪਕਾਵਾਂ ਦੀਆਂ ਉਹਨਾਂ ਦੇ ਡਿਊਟੀ ਸਥਾਨ ਅਤੇ ਰਿਹਾਇਸ਼ ਤੋ 25-30 ਕਿਲੋਮੀਟਰ ਦੂਰ ਲਾਉਣ ਕਰਕੇ ਡੈਮੋਕ੍ਰੇਟਿਕ ਟੀਚਰਜ ਫਰੰਟ ਪੰਜਾਬ ਅਤੇ ਐਲੀਮੈਂਟਰੀ ਟੀਚਰਜ ਯੂਨੀਅਨ ਦਾ ਵਫਦ ਬਲਵੀਰ ਸਿੰਘ ਬਾਸੀਆਂ ਅਤੇ ਜਤਿੰਦਰਪਾਲ ਸਿੰਘ ਤਲਵੰਡੀ ਦੀ ਅਗਵਾਈ ਵਿੱਚ ਐੱਸ ਡੀ ਐੱਮ ਤੇ ਤਹਿਸੀਲਦਾਰ ਜਗਰਾਉਂ ਨੂੰ ਮਿਲਿਆ। ਇਸ ਸਬੰਧੀ ਪ੍ਰੈੱਸ ਨਾਲ ਜਾਣਕਾਰੀ ਸਾਂਝੀ ਕਰਦੇ ਹੋਏ ਜੱਥੇਬੰਦਕ ਆਗੂਆਂ ਨੇ ਕਿਹਾ ਕਿ ਤਹਿਸੀਲਦਾਰ ਜਗਰਾਉਂ ਦਫ਼ਤਰ ਵਿੱਚ ਉਪਲੱਬਧ ਨਾ ਹੋਣ ਕਾਰਨ ਉਹਨਾਂ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਅਤੇ ਉਸ ਤੋਂ ਬਾਅਦ ਐੱਸ ਡੀ ਐੱਮ ਮੈਡਮ ਉਪਿੰਦਰਜੀਤ ਕੌਰ ਬਰਾੜ ਨਾਲ ਗੱਲਬਾਤ ਕੀਤੀ ਗਈ ਤੇ ਮੰਗ ਪੱਤਰ ਦੇ ਕੇ ਉਪਰੋਕਤ ਡਿਊਟੀਆਂ ਤੇ ਨਜ਼ਰਸਾਨੀ ਕਰਨ ਲਈ ਅਪੀਲ ਕੀਤੀ ਗਈ। ਐੱਸ ਡੀ ਐੱਮ ਮੈਡਮ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਇਹ ਡਿਊਟੀਆਂ ਮੁਲਾਜ਼ਮਾਂ ਦੀ ਸਹੂਲਤ ਅਨੁਸਾਰ ਨੇੜੇ ਹੀ ਲਗਾਈਆਂ ਜਾਣਗੀਆਂ। ਜੇਕਰ ਫਿਰ ਵ ਕਿਸੇ ਨੂੰ ਕੋਈ ਮੁਸ਼ਕਲ ਆਉਂਦੀ ਹੈ ਤਾਂ ਉਹ ਮੇਰੇ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਰਛਪਾਲ ਸਿੰਘ ਸੈਂਟਰ ਹੈੱਡ ਟੀਚਰ, ਰਮਨਦੀਪ ਸਿੰਘ ਸਵੱਦੀ, ਜਰਨੈਲ ਸਿੰਘ ਪੁੜੈਣ, ਵਰਿੰਦਰ ਸਿੰਘ, ਹਰਪ੍ਰਤਾਪ ਸਿੰਘ ਸਵੱਦੀ, ਗੁਰਦੀਪ ਸਿੰਘ, ਇੰਦਰਜੀਤ ਸਿੰਘ ਘਮਨੇਵਾਲ, ਮੈਡਮ ਕਿਰਨਦੀਪ ਕੌਰ, ਮੈਡਮ ਅੰਮ੍ਰਿਤ ਕੌਰ, ਮੈਡਮ ਕਰਮਜੀਤ ਕੌਰ, ਮੈਡਮ ਕੰਵਲਦੀਪ ਕੌਰ, ਮੈਡਮ ਹਰਪਾਲ ਕੌਰ ਆਦਿ ਹਾਜ਼ਰ ਸਨ।

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 32 ਤੇ 33 ’ਚ ਸੜਕ ਨਿਰਮਾਣ ਕਾਰਜ ਦੀ ਕਰਵਾਈ ਸ਼ੁਰੂਆਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਸ਼ਹਿਰ ਦੇ ਵਾਰਡ ਨੰਬਰ 32 ਤੇ 33 ਵਿਚ ਕਰੀਬ 14 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਹਲਕੇ ਦੇ ਵਿਕਾਸ ਅਤੇ ਲੋਕਾਂ ਨੂੰ ਬੇਹਤਰ ਬੁਨਿਆਦੀ ਸੁਵਿਧਾਵਾਂ ਉਪਲਬੱਧ ਕਰਵਾਉਣਾ ਪੰਜਾਬ ਸਰਕਾਰ ਦੀ ਪਹਿਲਕਦਮੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕਾਰਜ ਲਗਾਤਾਰ ਕਰਵਾਏ ਜਾ ਰਹੇ ਹਨ ਤਾਂ ਜੋ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਵਿਧਾਇਕ ਜਿੰਪਾ ਨੇ ਕਿਹਾ ਕਿ ਨਵੀਂਆਂ ਸੜਕਾਂ ਦੇ ਨਿਰਮਾਣ ਨਾਲ ਹਲਕਾ ਵਾਸੀਆਂ ਨੂੰ ਆਵਾਜਾਈ ਦੀਆਂ ਸੁਵਿਧਾਵਾਂ ਮਿਲਣਗੀਆਂ ਅਤੇ ਲੰਬੇ ਸਮੇਂ ਤੋਂ ਚਲੀ ਆ ਰਹੀਆਂ ਸਮੱਸਿਆਵਾਂ ਦਾ ਹੱਲ ਹੋਵੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜ ਤੈਅ ਸਮੇਂ ਅੰਦਰ ਗੁਣਵੱਤਾ ਨਾਲ ਪੂਰਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਇਸ ਦਾ ਪੂਰਾ ਲਾਭ ਮਿਲ ਸਕੇ। ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਨਗਰ ਨਿਗਮ ਨੇ ਸ਼ਹਿਰ ਵਿਚ ਬੁਨਿਆਦੀ ਵਿਕਾਸ ਕਾਰਜ ਕੀਤੇ ਹਨ ਅਤੇ ਇਨ੍ਹਾਂ ਵਿਕਾਸ ਕੰਮਾਂ ਨੂੰ ਲੈ ਕੇ ਜਨਤਾ ਵਿਚ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਨਤਾ ਦੀਆਂ ਜ਼ਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਹਰ ਵਾਰਡ ਵਿਚ ਪਹਿਲ ਦੇ ਆਧਾਰ ’ਤੇ ਕੰਮ ਕਰਵਾਏ ਜਾ ਰਹੇ ਹਨ। ਪ੍ਰੋਗਰਾਮ ਦੌਰਾਨ ਮੇਅਰ ਸੁਰਿੰਦਰ ਕੁਮਾਰ, ਬਲਰਾਜ ਸਿੰਘ ਚੌਹਾਨ, ਬਬਿਤਾ ਸ਼ਰਮਾ, ਬਲਬੀਰ ਸੈਣੀ ਸਮੇਤ ਹੋਰ ਪਤਵੰਤੇ ਵਿਅਕਤੀ ਅਤੇ ਹਲਕਾ ਵਾਸੀ ਵੀ ਮੌਜੂਦ ਰਹੇ। ਸਥਾਨਕ ਲੋਕਾਂ ਨੇ ਵਿਕਾਸ ਕੰਮ ਸ਼ੁਰੂ ਕਰਵਾਉਣ ਲਈ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਦਾ ਧੰਨਵਾਦ ਕੀਤਾ।

# ਰਾਸ਼ਟਰੀ ਕ੍ਰਾਂਤੀ ਪਾਰਟੀ (ਅੰਬੇਡਕਰ) ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਬਿਨਾਂ ਸ਼ਰਤ ਸਮਰਥਨ ਦਾ ਐਲਾਨ

## ਹਲਕਾ ਇੰਚਾਰਜ ਹੁਸ਼ਿਆਰਪੁਰ ਸੰਜੀਵ ਤਲਵਾੜ ਨੇ ਨਿਭਾਈ ਅਹਿਮ ਭੂਮਿਕਾ



**ਹੁਸ਼ਿਆਰਪੁਰ 11 ਮਈ ( ਤਰਸੇਮ ਦੀਵਾਨਾ ) –** ਰਾਸ਼ਟਰੀ ਕ੍ਰਾਂਤੀ ਪਾਰਟੀ (ਅੰਬੇਡਕਰ) ਨੇ ਆਉਣ ਵਾਲੀਆਂ ਨਗਰ ਨਿਗਮ ਅਤੇ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਸੰਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ਼ਿੰਗਾਰਾ ਸਿੰਘ ਕਲਿਆਣ ਨੇ ਆਪਣੀ ਕੋਰ ਕਮੇਟੀ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਕੀਤੀ ਅਤੇ ਪਾਰਟੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ। ਇਸ ਸਿਆਸੀ ਤਾਲਮੇਲ ਨੂੰ ਨੇਪਰੇ ਚਾੜ੍ਹਨ ਵਿੱਚ ਹਲਕਾ ਇੰਚਾਰਜ ਹੁਸ਼ਿਆਰਪੁਰ ਸੰਜੀਵ ਤਲਵਾੜ ਨੇ ਅਹਿਮ ਭੂਮਿਕਾ ਨਿਭਾਈ।

ਇਸ ਮੌਕੇ ਸ਼ਿੰਗਾਰਾ ਸਿੰਘ ਕਲਿਆਣ ਨੇ ਕਿਹਾ ਕਿ ਸਵਰਗੀ ਪ੍ਰਕਾਸ਼ ਸਿੰਘ ਬਾਦਲ ਜੀ ਨੇ ਅਨੁਸੂਚਿਤ ਜਾਤੀਆਂ, ਖ਼ਾਸ ਕਰਕੇ ਵਾਲਮੀਕ ਸਮਾਜ ਦੀ ਭਲਾਈ ਲਈ ਜੋ ਇਤਿਹਾਸਕ ਕਾਰਜ ਕੀਤੇ ਹਨ, ਉਹਨਾਂ ਦਾ ਦੇਣ ਵਾਲਮੀਕ ਸਮਾਜ ਕਦੇ ਨਹੀਂ ਮੋੜ ਸਕਦਾ। ਉਨ੍ਹਾਂ ਕਿਹਾ, "ਅਸੀਂ ਸ਼੍ਰੋਮਣੀ ਅਕਾਲੀ ਦਲ ਨੂੰ ਸਮਰਥਨ ਦੇ ਕੇ ਬਾਦਲ ਜੀ ਦੀਆਂ ਸੇਵਾਵਾਂ ਨੂੰ ਸਿਆਸੀ ਸ਼ਰਧਾਂਜਲੀ ਭੇਂਟ ਕਰ ਰਹੇ ਹਾਂ।" ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਅੱਗੇ ਮੰਗ ਰੱਖੀ ਕਿ ਆਉਣ ਵਾਲੀ ਅਕਾਲੀ ਸਰਕਾਰ ਦੌਰਾਨ ਮਜਬੀ ਸਿੰਘਾਂ ਦੇ ਸਮਾਜਿਕ ਅਤੇ ਰਾਜਨੀਤਿਕ ਉਥਾਨ ਲਈ ਵਿਸ਼ੇਸ਼ ਯਤਨ ਕੀਤੇ ਜਾਣ ਤਾਂ ਜੋ ਇਹ ਪਛੜਿਆ ਸਮਾਜ ਵੀ ਮਾਣਮੱਤਾ ਸਥਾਨ ਪ੍ਰਾਪਤ ਕਰ ਸਕੇ। ਸੁਖਬੀਰ ਸਿੰਘ ਬਾਦਲ ਨੇ ਇਸ ਸਮਰਥਨ ਦਾ ਸਵਾਗਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਸਾਰੇ ਧਰਮਾਂ ਅਤੇ ਵਰਗਾਂ ਦਾ ਸਤਿਕਾਰ ਕਰਦਾ ਆਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਅੰਮ੍ਰਿਤਸਰ ਸਥਿਤ ਭਗਵਾਨ ਵਾਲਮੀਕ ਤੀਰਥ ਅਸਥਾਨ (ਆਸ਼ਰਮ) ਨੂੰ 10 ਸਾਲ ਪੂਰੇ ਹੋਣ ਜਾ ਰਹੇ ਹਨ, ਅਜਿਹੇ ਸਮੇਂ ਰਾਸ਼ਟਰੀ ਕ੍ਰਾਂਤੀ ਪਾਰਟੀ ਵੱਲੋਂ ਮਿਲਿਆ ਇਹ ਸਹਿਯੋਗ ਪਾਰਟੀ ਨੂੰ ਸਮਾਜ ਦੀ ਸੇਵਾ ਦਾ ਹੋਰ ਬਲ ਬਖਸ਼ੇਗਾ। ਉਨ੍ਹਾਂ ਭਰੋਸਾ ਦਿਵਾਇਆ ਕਿ ਅਕਾਲੀ ਦਲ ਹਮੇਸ਼ਾ ਇਸ ਸਮਾਜ ਦੀ ਸੇਵਾ ਲਈ ਤੱਤਪਰ ਰਹੇਗਾ।

ਇਸ ਮੌਕੇ ਸਾਬਕਾ ਵਿਧਾਇਕ ਐਨ.ਕੇ. ਸ਼ਰਮਾ ,ਰਾਜਿੰਦਰ ਅਟਵਾਲ (ਰਾਸ਼ਟਰੀ ਵਾਈਸ ਪ੍ਰਧਾਨ)

ਦੀਪਕ ਘਈ (ਰਾਸ਼ਟਰੀ ਜਨਰਲ ਸਕੱਤਰ) ਅਤੇ ਰਾਸ਼ਟਰੀ ਕ੍ਰਾਂਤੀ ਪਾਰਟੀ (ਅ) ਦੀ ਕੋਰ ਕਮੇਟੀ ਦੇ ਮੈਂਬਰ

ਪੰਜਾਬ ਦੇ ਦੋਆਬਾ, ਮਾਝਾ ਅਤੇ ਮਾਲਵਾ ਜ਼ੋਨਾਂ ਦੇ ਅਨੇਕਾਂ ਪ੍ਰਮੁੱਖ ਆਗੂ ਅਤੇ ਵਰਕਰ ਵੀ ਸ਼ਾਮਿਲ ਹੋਏ।

# ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿੱਚ ਹੋਇਆ ਵਿਕਾਸ ਲੋਕ ਅੱਜ ਵੀ ਕਰਦੇ ਨੇ ਯਾਦ: ਲਾਲੀ, ਤਲਵਾੜ

## ਪ੍ਰਿਤਪਾਲ ਕੌਰ ਲਾਂਬਾ ਵਾਰਡ ਨੰਬਰ 29 ਦੀ ਮਹਿਲਾ ਪ੍ਰਧਾਨ ਨਿਯੁਕਤ

**ਹੁਸ਼ਿਆਰਪੁਰ 10 ਮਈ ( ਤਰਸੇਮ ਦੀਵਾਨਾ ) –** ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦੌਰਾਨ ਹੋਏ ਵਿਕਾਸ ਕਾਰਜ ਅਤੇ ਲੋਕ ਸਹੂਲਤਾਂ ਦੀ ਮਿਸਾਲ ਅੱਜ ਵੀ ਦਿੱਤੀ ਜਾਂਦੀ ਹੈ, ਜਿਸ ਦੀ ਬਰਾਬਰੀ ਕੋਈ ਹੋਰ ਸਰਕਾਰ ਨਹੀਂ ਕਰ ਸਕੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ (ਸ਼ਹਿਰੀ) ਲਾਲੀ ਬਾਜਵਾ ਨੇ ਵਾਰਡ ਨੰਬਰ 29 ਵਿਖੇ ਸ਼੍ਰੀਮਤੀ ਪ੍ਰਿਤਪਾਲ ਕੌਰ ਲਾਂਬਾ ਨੂੰ ਵਾਰਡ ਦੀ ਮਹਿਲਾ ਪ੍ਰਧਾਨ ਨਿਯੁਕਤ ਕਰਨ ਮੌਕੇ ਰੱਖੇ ਗਏ ਪ੍ਰੋਗਰਾਮ ਦੌਰਾਨ ਕੀਤਾ।

ਇਸ ਮੌਕੇ ਹਲਕਾ ਇੰਚਾਰਜ ਸੰਜੀਵ ਤਲਵਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਵਾਰਡ ਨੰਬਰ 29 ਦੀ ਪ੍ਰਮੁੱਖ '40 ਫੁੱਟੀ ਸੜਕ' ਸ਼੍ਰੋਮਣੀ ਅਕਾਲੀ ਦਲ ਦੇ ਰਾਜ ਦੌਰਾਨ ਹੀ ਬਣੀ ਸੀ। ਉਨ੍ਹਾਂ ਦੱਸਿਆ ਕਿ ਉਸ ਸਮੇਂ ਇਸ ਸੜਕ 'ਤੇ 73 ਲੱਖ ਰੁਪਏ ਖਰਚ ਕੀਤੇ ਗਏ ਸਨ ਅਤੇ ਇਹ ਵਿਕਾਸ ਕਾਰਜ ਅਕਾਲੀ ਦਲ ਦੇ ਕੌਂਸਲਰ ਸੰਤੋਖ ਸਿੰਘ ਔਜਲਾ ਦੀ ਦੇਖ-ਰੇਖ ਹੇਠ ਹੋਇਆ ਸੀ। ਤਲਵਾੜ ਨੇ ਮੌਜੂਦਾ ਹਾਲਾਤ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਉਸ ਤੋਂ ਬਾਅਦ ਇਲਾਕੇ ਦੀਆਂ ਸੜਕਾਂ ਦੀ ਜੋ ਮਾੜੀ ਹਾਲਤ ਹੋਈ ਹੈ, ਉਹ ਸਭ ਦੇ ਸਾਹਮਣੇ ਹੈ। ਉਹਨਾਂ ਸਮਾਗਮ ਨੂੰ ਸੰਬੋਧਿਨ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪਿਛੜ ਚੁੱਕੇ ਵਾਰਡਾਂ ਨੂੰ ਮੁੜ ਵਿਕਾਸ ਦੀ ਲੀਹ 'ਤੇ ਲਿਆਂਦਾ ਜਾਵੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਤਾਂ ਜੋ ਇਲਾਕੇ ਦਾ ਸਰਵਪੱਖੀ ਵਿਕਾਸ ਹੋ ਸਕੇ। ਇਸ ਮੌਕੇ ਮਹਿਲਾ ਨੇਤਰੀ ਨੀਤੀ ਤਲਵਾਰ, ਅਤੇ ਸੰਜੀਵ ਥਾਪਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣ ਦਾ ਅਹਿਦ ਲਿਆ।



**ਫੋਟੋ ਅਜਮੇਰ ਦੀਵਾਨਾ**

# ਨਗਰ ਕੌਂਸਲ ਚੋਣਾਂ: ਵਾਰਡ ਨੰਬਰ 8 ਵਿੱਚ ਦਲਜੀਤ ਸਿੰਘ ਬਿੱਟੂ ਨੇ ਵਿੱਢੀ ਚੋਣ ਮੁਹਿੰਮ, ਵੋਟਰਾਂ ਵਿੱਚ ਭਾਰੀ ਉਤਸ਼ਾਹ

**ਮੋਰਿੰਡਾ 11 ਮਈ (ਸੁਖਵਿੰਦਰ ਸਿੰਘ ਹੈਪੀ)**-ਨਗਰ ਕੌਂਸਲ ਚੋਣਾਂ ਦਾ ਬਿਗਲ ਵੱਜਦਿਆਂ ਹੀ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਵਾਰਡ ਨੰਬਰ 8 ਤੋਂ ਉਮੀਦਵਾਰ ਦਲਜੀਤ ਸਿੰਘ ਬਿੱਟੂ ਨੇ ਆਪਣੀ ਚੋਣ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਦਿਆਂ ਦੇਖ ਕੇ ਵੋਟਰਾਂ ਨਾਲ ਸਿੱਧਾ ਸੰਪਰਕ ਤੇਜ਼ ਕਰ ਦਿੱਤਾ ਹੈ। ਇਸ ਵਾਰਡ ਦੇ ਕੁੱਲ 1,694 ਵੋਟਰ 26 ਮਈ ਨੂੰ ਦਲਜੀਤ ਸਿੰਘ ਬਿੱਟੂ ਦੀ ਸਿਆਸੀ ਕਿਸਮਤ ਦਾ ਫੈਸਲਾ ਕਰਨਗੇ। ਦੱਸਣਯੋਗ ਹੈ ਕਿ ਸਿਵਲ ਸਕੱਤਰੇਤ ਤੋਂ ਸੇਵਾ-ਮੁਕਤ ਹੋਣ ਉਪਰੰਤ ਦਲਜੀਤ ਸਿੰਘ ਬਿੱਟੂ ਲਗਾਤਾਰ ਸਮਾਜ ਸੇਵੀ ਕਾਰਜਾਂ ਵਿੱਚ ਸਰਗਰਮ ਹਨ। ਉਹ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫੈਡਰੇਸ਼ਨ ਦੇ ਜਨਰਲ ਸਕੱਤਰ ਅਤੇ ਭਾਰਤੀ ਵਿਕਾਸ ਪਰਿਸ਼ਦ ਦੇ ਸਰਗਰਮ ਮੈਂਬਰ ਵਜੋਂ ਇਲਾਕੇ ਵਿੱਚ ਆਪਣੀ ਵਿਸ਼ੇਸ਼ ਪਛਾਣ ਰੱਖਦੇ ਹਨ। ਚੋਣਾਂ ਦੇ ਰਸਮੀ ਐਲਾਨ ਤੋਂ ਪਹਿਲਾਂ ਹੀ ਉਨ੍ਹਾਂ ਨੇ ਵਾਰਡ ਦੇ ਘਰ-ਘਰ ਜਾ ਕੇ ਲੋਕਾਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਨਾਲ ਰਾਬਤਾ ਕਾਇਮ ਕਰ ਲਿਆ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਮੁੱਖ ਮਕਸਦ ਸੱਤਾ ਹਾਸਲ ਕਰਨਾ ਨਹੀਂ, ਸਗੋਂ ਵਾਰਡ ਨਿਵਾਸੀਆਂ ਦੀ ਸੇਵਾ ਕਰਨਾ ਹੈ। ਉਨ੍ਹਾਂ ਕਿਹਾ, "ਮੈਂ ਲੰਬੇ ਸਮੇਂ ਤੋਂ ਸਮਾਜਿਕ ਸੇਵਾ ਕਰਦਾ ਆ ਰਿਹਾ ਹਾਂ ਅਤੇ ਭਵਿੱਖ ਵਿੱਚ ਵੀ ਵਾਰਡ ਦੀ ਨੁਹਾਰ ਬਦਲਣ ਲਈ ਵਚਨਬੱਧ ਰਹਾਂਗਾ।" ਉਨ੍ਹਾਂ ਉਮੀਦ ਜਤਾਈ ਕਿ 26 ਮਈ ਨੂੰ ਵਾਰਡ ਨੰਬਰ 8 ਦੇ ਸੂਝਵਾਨ ਵੋਟਰ ਉਨ੍ਹਾਂ ਦੇ ਹੱਕ ਵਿੱਚ ਫਤਵਾ ਦੇ ਕੇ ਉਨ੍ਹਾਂ ਦੇ ਹੱਥ ਮਜ਼ਬੂਤ ਕਰਨਗੇ ਤਾਂ ਜੋ ਵਿਕਾਸ ਕਾਰਜਾਂ ਨੂੰ ਨਵੀਂ ਗਤੀ ਦਿੱਤੀ ਜਾ ਸਕੇ।



# ਜ਼ਿਲ੍ਹੇ 'ਚ ਸੜਕਾਂ ਅਤੇ ਚੌਕਾ 'ਚ ਜਾਮ ਲਾਉਣ 'ਤੇ ਮੁਕੰਮਲ ਪਾਬੰਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**
ਜ਼ਿਲ੍ਹਾ ਮੈਜਿਸਟ੍ਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲੇ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਕਾ ਵਿਚ ਟਰੈਫਿਕ ਜਾਮ ਲਗਾਉਣ 'ਤੇ ਮੁਕੰਮਲ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਅਨੁਸਾਰ ਜ਼ਿਲੇ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ 'ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ-ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਡਾਢੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿਚ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ, ਮਰੀਜ਼ਾਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਕਿਹਾ ਕਿ ਰੋਸ ਧਰਨਿਆਂ ਵਾਸਤੇ ਜ਼ਿਲ੍ਹੇ ਦੀਆਂ ਤਿੰਨਾਂ ਸਬ ਡਵੀਜ਼ਨਾਂ ਵਿਚ ਸਥਾਨ ਨਿਰਧਾਰਿਤ ਕੀਤੇ ਗਏ ਹਨ ਅਤੇ ਕੋਈ ਵੀ ਜਥੇਬੰਦੀ/ਯੂਨੀਅਨ ਇਨ੍ਹਾਂ ਸਥਾਨਾਂ 'ਤੇ ਸਥਾਨਕ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਰੋਸ ਪ੍ਰਦਰਸ਼ਨ ਨਹੀਂ ਕਰ ਸਕੇਗੀ। ਇਨ੍ਹਾਂ ਥਾਵਾਂ ਵਿਚ ਸਬ ਡਵੀਜ਼ਨ ਨਵਾਂਸ਼ਹਿਰ ਵਿਚ ਦੁਸਹਿਰਾ ਗਰਾਊਂਡ ਨਵਾਂਸ਼ਹਿਰ ਅਤੇ ਨਗਰ ਕੌਂਸਲ ਨਵਾਂਸ਼ਹਿਰ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਪਿੰਡ ਗੁਜਰਪੁਰ ਕਲਾਂ ਦਾ ਲਗਭਗ 40 ਕਨਾਲ ਰਕਬਾ ਨੇੜੇ ਰੇਲਵੇ ਫਾਟਕ ਬੰਗਾ ਰੋਡ ਨਵਾਂਸ਼ਹਿਰ, ਸਬ ਡਵੀਜ਼ਨ ਬੰਗਾ ਵਿਚ ਪੰਚਾਇਤੀ ਰਕਬਾ, ਗ੍ਰਾਮ ਪੰਚਾਇਤ ਪਿੰਡ ਪੂਨੀਆ ਅਤੇ ਸਬ ਡਵੀਜ਼ਨ ਬਲਾਚੌਰ ਵਿਖੇ ਮਿਊਂਸਪਲ ਖੇਡ ਮੈਦਾਨ (ਨਜ਼ਦੀਕ ਸਿਵਲ ਹਸਪਤਾਲ) ਜਗਤਪੁਰ ਰੋਡ ਸਿਆਣਾ ਨਿਰਧਾਰਿਤ ਕੀਤੀਆਂ ਗਈਆਂ ਹਨ। ਨਿਰਧਾਰਤ ਥਾਵਾਂ 'ਤੇ ਮਨਜ਼ੂਰੀ ਲੈਣ ਉਪਰੰਤ ਲਾਊਡ ਸਪੀਕਰ ਦੀ ਮਨਜ਼ੂਰੀ ਸਬੰਧਤ ਐਸ.ਡੀ.ਐਮ. ਪਾਸੋਂ ਲੈਣੀ ਜ਼ਰੂਰੀ ਹੋਵੇਗੀ। ਹੁਕਮਾਂ ਅਨੁਸਾਰ ਨਵਾਂਸ਼ਹਿਰ ਵਿਖੇ ਚੰਡੀਗੜ੍ਹ ਚੌਕ, ਬੱਸ ਅੱਡਾ ਚੌਕ ਅਤੇ ਨਹਿਰੂ ਗੇਟ ਵਿਖੇ ਕਿਸੇ ਵੀ ਤਰ੍ਹਾਂ ਦਾ ਧਰਨਾ/ਆਵਾਜਾਈ ਵਿਚ ਵਿਘਨ ਪਾਉਣ ਦੀ ਵੀ ਮਨਾਹੀ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਦੇ ਤਹਿਸੀਲ ਕੰਪਲੈਕਸਾਂ, ਐਸ.ਡੀ.ਐਮ ਕੰਪਲੈਕਸਾਂ ਅਤੇ ਡੀ. ਏ. ਸੀ. ਕੰਪਲੈਕਸ ਵਿਚ ਵੀ ਅਜਿਹੀ ਕਿਸੇ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ, ਧਰਨੇ ਲਾਉਣ ਜਾਂ ਲਾਊਡ ਸਪੀਕਰ ਵਜਾਉਣ 'ਤੇ ਵੀ ਮੁਕੰਮਲ ਪਾਬੰਦੀ ਲਾਈ ਗਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਅਨੁਸਾਰ ਉਕਤ ਨਿਰਧਾਰਿਤ ਸਥਾਨਾਂ ਤੋਂ ਇਲਾਵਾ ਹੋਰ ਕਿਸੇ ਵੀ ਥਾਂ/ਸੜਕ 'ਤੇ ਰੋਸ ਧਰਨਾ/ਪ੍ਰਦਰਸ਼ਨ ਕਰਨ 'ਤੇ ਪਾਬੰਦੀ ਹੋਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਹੁਕਮ 2 ਮਈ 2026 ਤੱਕ ਲਾਗੂ ਰਹਿਣਗੇ।



# ਕਰੀਅਰ ਕੌਂਸਲਿੰਗ ਪ੍ਰੋਗਰਾਮ ਦਾ ਆਯੋਜਨ

**ਬਲਾਚੌਰ :11ਮਈ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੀ ਗੁਲਪ੍ਰੀਤ ਸਿੰਘ ਔਲਖ ਆਈ.ਏ.ਐਸ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਜੀ ਦੀ ਯੋਗ ਅਗਵਾਈ ਹੇਠ ਜਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੈਲਮਾਜਰਾ ਵਿਖੇ ਕਰੀਅਰ ਕਾਊਸਲਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸ਼੍ਰੀ ਸੰਦੀਪ ਕੁਮਾਰ ਪੀ.ਸੀ.ਐਸ (ਏ) ਜਿਲ੍ਹਾ ਰੋਜ਼ਗਾਰ ਉਤਪੱਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਭਵਿੱਖ ਵਿੱਚ ਕਰੀਅਰ ਦੀ ਚੋਣ ਕਰਨ ਸਬੰਧੀ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਲਿਖਤੀ ਪ੍ਰੀਖਿਆ ਦੇ ਵਿਸ਼ੇ ਜਿਵੇਂ ਕਿ ਆਮ ਗਿਆਨ, ਸਾਧਾਰਨ ਵਿਗਿਆਨ, ਗਣਿਤ, ਕਰੰਟ ਅਫੇਅਰਜ਼, ਲਾਜ਼ਿਕਲ ਰੀਜ਼ਨਿੰਗ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਹਨਾਂ ਵੱਲੋਂ ਪ੍ਰਾਰਥੀਆਂ ਨੂੰ ਨਸ਼ਾ ਛੱਡ ਕੇ ਹੁਨਰ ਪ੍ਰਾਪਤ ਕਰਨ ਅਤੇ ਰੋਜ਼ਗਾਰ ਨਾਲ ਜੁੜਨ ਬਾਰੇ ਅਪੀਲ ਕੀਤੀ ਗਈ ਅਤੇ ਪੰਜਾਬ ਸਰਕਾਰ ਦੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ ਤਹਿਤ ਪ੍ਰਾਰਥੀਆਂ ਨੂੰ ਨਸ਼ਾ ਛੱਡ ਕੇ ਮੁੜ ਆਮ ਸਮਾਜਿਕ ਲੀਅ ਨਾਲ ਜੁੜਨ ਬਾਰੇ ਉਤਸ਼ਾਹਿਤ ਕੀਤਾ। ਇਸ ਤੋਂ ਇਲਾਵਾ ਸ਼੍ਰੀਮਤੀ ਹਿਨਾ ਭਾਟੀਆ, ਯੰਗ ਪ੍ਰੋਫੈਸ਼ਨਲ ਐਮ.ਸੀ.ਸੀ ਵੱਲੋਂ ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਖ—ਵੱਖ ਟੂਲਜ਼ ਜਿਵੇਂ ਕਿ ਯੂਡਲੀ, ਚੈਟ ਜੀ ਪੀ ਟੀ, ਕੈਨਵਾ, ਨੈਪਕਿਨ, ਕਿਊ ਆਰ ਕੋਡ ਜਨਰੇਟਰ, ਗਾਮਾ, ਮੀਕਸੋ ਆਦਿ ਟੂਲਜ਼ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਕਿ ਕਿਸ ਤਰ੍ਹਾਂ ਵਿਦਿਆਰਥੀ ਇਹਨਾਂ ਟੂਲਜ਼ ਦੀ ਵਰਤੋਂ ਕਰਕੇ ਆਪਣੇ ਭਵਿੱਖ ਨੂੰ ਉਜਵਲ ਬਣਾ ਸਕਦੇ ਹਨ। ਇਹਨਾਂ ਟੂਲਜ਼ ਦੀ ਮੱਦਦ ਨਾਲ ਵਿਦਿਆਰਥੀ ਪਰੈਜ਼ਿਨਟੇਸ਼ਨ ਤਿਆਰ ਕਰਨੀ, ਇੰਟਰਵਿਊ ਦੀ ਤਿਆਰੀ ਲਈ ਸਵਾਲ ਜਵਾਬ, ਕਿਊਂਜ਼ ਸਬੰਧੀ ਸਵਾਲ ਜਵਾਬ ਆਦਿ ਵਰਗੇ ਕੰਮ ਬਹੁਤ ਹੀ ਆਸਾਨੀ ਨਾਲ ਕਰ ਸਕਦੇ ਹਨ। ਨਾਲ ਹੀ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਸਾਇਕੋਮੈਟਰਿਕ ਟੈਸਟ ਦੀ ਮੁਫ਼ਤ ਸਹੂਲਤ ਬਾਰੇ ਦੱਸਿਆ, ਜਿਸ ਵਿੱਚ ਵਿਦਿਆਰਥੀਆਂ ਨੂੰ ਉਹਨਾਂ ਦੇ ਸੁਭਾਅ, ਰੁਚੀ ਅਤੇ ਯੋਗਤਾ ਅਨੁਸਾਰ ਸਹੀ ਕਰੀਅਰ ਚੁਣਨ ਵਿੱਚ ਮੱਦਦ ਕਰਦਾ ਹੈ।

# ਪੰਜਾਬ ਦੇ ਆਰਮੀ ਸਕੂਲਾਂ 'ਚ ਪੰਜਾਬੀ ਦੀ ਥਾਂ ਸੰਸਕ੍ਰਿਤ ਥੋਪਣ ਦੇ ਯਤਨਾਂ ਦੀ ਸੀ ਪੀ ਆਈ ਐਮ ਐਲ ਨਿਊ ਡੈਮੋਕਰੇਸੀ ਵਲੋਂ ਨਿੰਦਾ

## ਆਰਮੀ ਐਜੂਕੇਸ਼ਨ ਸੁਸਾਇਟੀ ਕੋਲੋਂ ਸਰਕੂਲਰ ਵਾਪਸ ਲੈਣ ਦੀ ਮੰਗ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਭਾਰਤੀ ਕਮਿਊਨਿਸਟ ਪਾਰਟੀ ( ਮਾਰਕਸਵਾਦੀ - ਲੈਨਿਨਵਾਦੀ) ਨਿਊ ਡੈਮੋਕਰੇਸੀ ਨੇ ਪੰਜਾਬ ਵਿੱਚ ਸਥਿਤ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਹਾਸ਼ੀਏ 'ਤੇ ਧੱਕਣ ਦੇ ਫੈਸਲੇ ਦਾ ਤਿੱਖਾ ਵਿਰੋਧ ਕਰਦਿਆਂ ਆਰਮੀ ਐਜੁਕਸ਼ਨ ਸੁਸਾਇਟੀ ਨੂੰ ਪੰਜਾਬੀ ਨੂੰ ਵਾਧੂ ਵਿਸ਼ੇ ਵਜੋਂ ਅਤੇ ਉਸਦੀ ਥਾਂ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ਾ ਵਜੋਂ ਪੜਾਉਣ ਦਾ ਸਰਕੂਲਰ ਵਾਪਸ ਲੈਣ ਦੀ ਮੰਗ ਕੀਤੀ ਹੈ। ਪਾਰਟੀ ਦੀ ਪੰਜਾਬ ਇਕਾਈ ਦੇ ਸੀਨੀਅਰ ਆਗੂਆਂ ਕਾਮਰੇਡ ਅਜਮੇਰ ਸਿੰਘ ਸਮਰਾ ਅਤੇ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਇਸ ਸਬੰਧੀ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਹੈ, ਕਿ ਇਹ ਨਾ ਸਿਰਫ਼ ਪੰਜਾਬੀ ਭਾਸ਼ਾ ਅਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਹੈ, ਸਗੋਂ ਸਿੱਖਿਆ ਨੀਤੀ-2020 ਅਤੇ ਨੈਸ਼ਨਲ ਪਾਠਕਰਮ ਢਾਂਚੇ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਹੈ। ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਹੀ ਚਿੰਤਾਜਨਕ ਅਤੇ ਮੰਦਭਾਗਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਭਾਸ਼ਾ ਕਾਨੂੰਨ ਦ ਪੰਜਾਬ ਲਰਨਿੰਗ ਆਫ ਪੰਜਾਬੀ ਐਂਡ ਅਦਰ ਲੈਂਗੁਏਜਜ਼ (ਅਮੈਂਡਮੈਂਟ) ਐਕਟ-2008 ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ। ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਜਾਰੀ ਕੀਤੇ ਸਰਕੂਲਰ ਵਿੱਚ ਪੰਜਾਬੀ ਨੂੰ ਇੱਕ ਵਾਧੂ ਭਾਸ਼ਾ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਪੰਜਾਬੀ ਨੂੰ ਵਾਧੂ ਅਤੇ ਸੰਸਕ੍ਰਿਤ ਨੂੰ ਲਾਜ਼ਮੀ ਕਰਨਾ ਦੇਸ਼ ਦੀ ਭਾਸ਼ਾਈ ਵੰਨਸੁਵੰਨਤਾ ਖਤਮ ਕਰਕੇ, ਹਿੰਦੂਤਵ ਨੂੰ ਠੋਸਣਾ ਸੱਭਿਆਚਾਰਕ ਫਾਸ਼ੀਵਾਦ ਹੈ। ਜੋ ਸੰਘੀ ਫਾਸ਼ੀਵਾਦ ਦਾ ਅਨਿੱਖੜ ਅੰਗ ਹੈ, ਅਤੇ ਕੇਂਦਰ ਸਰਕਾਰ ਦੀ ਨਵੀਂ ਸਿਖਿਆ ਨੀਤੀ ਨੂੰ ਲਾਗੂ ਕਰਨਾ ਹੈ। ਆਗੂਆਂ ਨੇ ਕਿਹਾ ਕਿ ਜਿਹੜੇ ਵਿਦਿਆਰਥੀ ਨਵੀਂ ਸਿੱਖਿਆ ਨੀਤੀ ਅਨੁਸਾਰ ਪੰਜਾਬੀ ਪੜ੍ਹਨਾ ਚਾਹੁੰਦੇ ਹਨ, ਉਹਨਾਂ ਨੂੰ ਵੀ ਸੰਸਕ੍ਰਿਤ ਵਿਸ਼ਾ ਲਾਜ਼ਮੀ ਤੌਰ 'ਤੇ ਪੜ੍ਹਣ ਬਾਰੇ ਕਿਹਾ ਜਾ ਰਿਹਾ ਹੈ। ਇਹ ਯਤਨ ਬੱਚਿਆਂ ਦੀ ਮਨੋਵਿਗਿਆਨਕ ਆਜ਼ਾਦੀ, ਸਿੱਖਣ ਦੇ ਅਧਿਕਾਰਾਂ ਅਤੇ ਉਹਨਾਂ ਦੀ ਭਾਸ਼ਾ ਦੀ ਪਸੰਦ ਨਾਲ ਸਿੱਧਾ ਟਕਰਾਅ ਹੈ। ਉਨ੍ਹਾਂ ਕਿਹਾ ਕਿ ਐਨ ਪੀ ਐੱਫ-2020 ਅਤੇ ਐੱਨ ਸੀ ਐੱਫ ਦੋਵੇਂ ਹੀ ਬੱਚਿਆਂ ਲਈ ਲਚਕਦਾਰ ਪਾਠਕਰਮ ਮਾਤ ਭਾਸ਼ਾ ਅਧਾਰਿਤ ਸਿੱਖਿਆ ਅਤੇ "ਆਰ3" ਦੇ ਸਿਧਾਂਤਾਂ ਨੂੰ ਉਤਸ਼ਾਹਿਤ ਕਰਦੇ ਹਨ। ਜਿਸ ਅਨੁਸਾਰ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਸਥਾਨਕ ਭਾਸ਼ਾਈ ਪਿਛੋਕੜ ਦੇ ਅਨੁਸਾਰ ਵਿਸ਼ਿਆਂ ਦੀ ਚੋਣ ਦੀ ਆਜ਼ਾਦੀ ਹੈ। ਪਰ ਆਰਮੀ ਐਜੂਕੇਸ਼ਨ ਸੁਸਾਇਟੀ ਵੱਲੋਂ ਸਿੱਖਿਆ ਨੀਤੀ ਦੀ ਭਾਵਨਾ ਨੂੰ ਵੀ ਜਾਣ ਬੁੱਝ ਕੇ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਰਕੂਲਰ ਅਨੁਸਾਰ ਪੰਜਾਬੀ ਭਾਸ਼ਾ ਨੂੰ ਚੌਥੇ ਵਿਕਲਪ ਵਜੋਂ ਰੱਖਿਆ ਗਿਆ ਹੈ ਅਤੇ ਜੇਕਰ 15 ਤੋਂ ਘੱਟ ਵਿਦਿਆਰਥੀ ਪੰਜਾਬੀ ਚੁਣਦੇ ਹਨ ਤਾਂ ਸਕੂਲ ਪੰਜਾਬੀ ਅਧਿਆਪਕ ਦੀ ਨਿਯੁਕਤੀ ਵੀ ਨਹੀਂ ਕਰੇਗਾ। ਅਜਿਹੇ ਹਾਲਾਤ ਵਿੱਚ ਪੰਜਾਬੀ ਦੇ ਵਿਦਿਆਰਥੀਆਂ ਨੂੰ ਪੰਜਾਬੀ ਘਰ ਬੈਠ ਕੇ ਪੜ੍ਹਨ ਲਈ ਮਜਬੂਰ ਹੋਣਾ ਪਵੇਗਾ। ਸਪੱਸ਼ਟ ਹੈ ਕਿ ਇਹ ਫੈਸਲਾ ਵਿਦਿਆਰਥੀਆਂ ਲਈ ਭਾਸ਼ਾਈ ਵਿਕਲਪ ਵਾਲੀ ਸਿੱਖਿਆ ਨੀਤੀ ਦੇ ਵੀ ਵਿਰੁੱਧ ਹੈ। ਉਹਨਾਂ ਕਿਹਾ ਕਿ ਸੀ.ਬੀ.ਐਸ.ਈ. ਸਾਰੇ ਸਕੂਲਾਂ ਵਿੱਚ ਭਾਸ਼ਾ ਨੀਤੀ ਅਤੇ ਸਿੱਖਿਆ ਨੀਤੀ ਦੇ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਏ। ਉਹਨਾਂ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਨੂੰ ਪੰਜਾਬੀ ਭਾਸ਼ਾ ਦੀ ਰੱਖਿਆ ਲਈ ਤੁਰੰਤ ਦਖਲ ਦੇਣ ਦੀ ਮੰਗ ਕੀਤੀ ਹੈ।

# ਮੈਡੀਕਲ ਪ੍ਰੈਕਟੀਸਨਰ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਲਾਚੌਰ ਦੀ ਮੀਟਿੰਗ ਪ੍ਰਧਾਨ ਡਾ ਮੰਗਤ ਰਾਮ ਦੀ ਪ੍ਰਧਾਨਗੀ ਹੇਠ ਹੋਈ



**ਬਲਾਚੌਰ (ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ:-295ਬਲਾਕ ਬਲਾਚੌਰ ਦੀ ਅੱਜ ਮਹੀਨਾਵਾਰ ਮੀਟਿੰਗ ਪ੍ਰਧਾਨ ਡਾਕਟਰ ਮੰਗਤ ਰਾਮ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਬਲਾਚੌਰ ਵਿਖੇ ਕੀਤੀ ਗਈ। ਵਿਸ਼ੇਸ਼ ਤੌਰ ਤੇ ਪਹੁੰਚੇ ਜ਼ਿਲ੍ਹਾ ਕੈਸ਼ੀਅਰ ਜ਼ਿਲ੍ਹਾ ਪ੍ਰੈਸ ਸਕੱਤਰ ਡਾਕਟਰ ਗੁਰਨਾਮ ਸਿੰਘ ਜੀ ਨੇ ਸਾਂਝੇ ਤੌਰ ਤੇ ਸਟੇਟ ਦੇ ਡੈਲੀਕੇਟ ਅਜਲਾਸ ਦੀ ਜਾਣਕਾਰੀ ਵਿਸਥਾਰ ਪੂਰਵਕ ਦੱਸੀ। ਪ੍ਰਧਾਨ ਡਾਕਟਰ ਮੰਗਤ ਰਾਏ ਜੀ ਨੇ ਜੱਥੇਬੰਦੀ ਦੀਆਂ ਗਤੀਵਿਧੀਆਂ ਬਾਰੇ ਗੱਲਬਾਤ ਕੀਤੀ।ਫੇਰ ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ ਤੇ ਚੇਅਰਮੈਨ ਡਾਕਟਰ ਰਾਮ ਪਾਲ ਚੀਮਾ ਜੀ ਨੇ ਡਾਕਟਰ ਸਾਥੀਆਂ ਨੂੰ ਅਪੀਲ ਕੀਤੀ ਕਿ ਆਪਣੇ ਇਕੱਠ ਨੂੰ ਬਣਾਕੇ ਰੱਖੋ।ਤੇ ਸਖ਼ਤੀ ਨਾਲ ਕਿਹਾ ਕਿ ਮੀਟਿੰਗ ਵਿੱਚ ਵੱਧ ਤੋਂ ਵੱਧ ਮੈਂਬਰ ਪਹੁੰਚਿਆ ਕਰੋ। ਠੋਸ ਕਾਰਨ ਕਰਕੇ ਹੀ ਗ਼ੈਰ ਹਾਜ਼ਰ ਹੋਇਆ ਕਰੋ। ਪ੍ਰਧਾਨ ਜੀ ਨੇ ਇੱਕ ਬਹੁਤ ਅਹਿਮ ਤੇ ਵਧੀਆ ਗੱਲ ਸਾਰਿਆਂ ਨੂੰ ਕਹੀ ਕਿ ਆਪਣੇ ਮੈਂਬਰਾਂ ਦੇ ਦੁੱਖ ਸੁੱਖ ਵਿੱਚ ਵੀ ਵੱਧ ਚੜਕੇ ਹਿੱਸਾ ਲਿਆ ਕਰੋ,ਕਿਸੇ ਨੂੰ ਫੋਨ ਕਰਕੇ ਜਾਂ ਉਸ ਦੇ ਕੋਲ ਜਾਕੇ ਤੇ ਕਿਹਾ ਕਿ ਜੋ ਆਪਾਂ ਮੀਟਿੰਗ ਕਰਦੇ ਹਾਂ ਇਹ ਸਾਨੂੰ ਚਾਰਜ ਕਰਨ ਦਾ ਕੰਮ ਕਰਦੀ ਇਸ ਨਾਲ ਸਾਨੂੰ ਮਹੀਨੇ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਦਾ ਵੀ ਪਤਾ ਲੱਗਦਾ ਇਸ ਕਰਕੇ ਹਰ ਮੀਟਿੰਗ ਵਿੱਚ ਹਾਜ਼ਰ ਹੋਣਾ ਬਹੁਤ ਜ਼ਰੂਰੀ ਹੈ। ਅੰਤ ਵਿੱਚ ਜੋ ਮੈਂਬਰ ਗੈਰਹਾਜ਼ਰ ਸਨ ਜਾਂ ਕਿਸੇ ਸਮੱਸਿਆ ਕਰਕੇ ਨਹੀਂ ਆਏ ਉਨ੍ਹਾਂ ਨੂੰ ਫੋਨ ਕਰਕੇ ਹਾਲ ਪੁੱਛਿਆ ਗਿਆ । ਇਸ ਮੌਕੇ ਪ੍ਰਧਾਨ ਡਾਕਟਰ ਮੰਗਤ ਰਾਏ,ਵਾਈਸ ਪ੍ਰਧਾਨ ਡਾਕਟਰ ਰਣਧੀਰ ਸਿੰਘ,ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ, ਚੇਅਰਮੈਨ ਡਾਕਟਰ ਰਾਮਪ-ਾਲ ਚੀਮਾ, ਜ਼ਿਲ੍ਹਾ,ਜ਼ਿਲ੍ਹਾ ਪ੍ਰੈਸ ਸਕੱਤਰ ਡਾਕਟਰ ਗੁਰਨਾਮ ਸਿੰਘ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ,ਆਰਗੇਨਾਈਜ਼ਰ ਡਾਕਟਰ ਮਨਜੀਤ ਕੁਮਾਰ,ਵਾਈਸ ਆਰਗੇਨਾਈਜ਼ਰ ਡਾਕਟਰ ਭੁਪਿੰਦਰ ਸਿੰਘ,ਵਾਈਸ ਸਕੱਤਰ ਡਾਕਟਰ ਨਰੇਸ਼ ਕੁਮਾਰ ਕੰਗਣਾ, ਸਲਾਹਕਾਰ ਡਾਕਟਰ ਦਵਿੰਦਰ ਸੈਣੀ,ਡਾਕਟਰ ਰਾਜੇਸ਼ ਮੇਨਕਾ, ਡਾਕਟਰ ਨਾਰੇਸ਼ ਕੁਮਾਰ ਬੀਣੇਵਾਲ ਤੇ ਹੋਰ ਡਾਕਟਰ ਸਾਹਿਬਾਨ ਹਾਜ਼ਰ ਹੋਏ।

## ਆਮ ਆਦਮੀ ਪਾਰਟੀ ਦੇ ਧਰਨੇ ਲਈ ਆਏ ਆਗੂਆਂ ਨੂੰ ਬੀਜੇਪੀ ਵਲੋਂ ਲਾਈਵ ਹੋ ਕੇ ਭੜਕਾਉਣਾ ਮੰਦਭਾਗਾ :ਬ੍ਰਿਗੇਡੀਅਰ ਰਾਜ ਕੁਮਾਰ



**ਨਵਾਂਸ਼ਹਿਰ 11 ਮਈ (ਜਤਿੰਦਰ ਪਾਲ ਸਿੰਘ ਕਲੇਰ )** ਕੱਲ ਆਮ ਆਦਮੀ ਪਾਰਟੀ ਦੇ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੂੰ ਬਦਲੇ ਦੀ ਭਾਵਨਾ ਨਾਲ ਗ੍ਰਿਫ਼ਤਾਰ ਕਰਨ ਵਿਰੁੱਧ ਸ਼ਾਂਤਮਈ ਤਰੀਕੇ ਨਾਲ ਆਏ ਪਾਰਟੀ ਦੇ ਜੱਥੇ ਨੂੰ ਬੀਜੇਪੀ ਦੇ ਜਿਲ੍ਹਾਂ ਪ੍ਰਧਾਨ ਨੇ ਇਕ ਦਮ ਲਾਇਵ ਹੋ ਕੇ ਭੜਕਾਉ ਸ਼ਬਦਾਵਲੀ ਬੋਲਕੇ ਮਹੌਲ ਖਰਾਬ ਹੋਣ ਦੀ ਦਿਸ਼ਾ ਵਲ ਧਕਿਆ। ਯਾਦ ਰਹੇ ਕਿ 'ਆਪ' ਦੇ ਧਰਨਾ ਦੇਣ ਦੀ ਖਬਰ ਤੇ ਬੀਜੇਪੀ ਦੇ ਜਿਲ੍ਹਾਂ ਪ੍ਰਧਾਨ ਐਡਵੋਕੇਟ ਰਾਜਵਿੰਦਰ ਸਿੰਘ ਲੱਕੀ ਨੇ ਲਾਇਵ ਹੋ ਕੇ ਕਿਹਾ ਕਿ 'ਆਪ' ਦੇ ਮੈਂਬਰਾਂ ਨਾਲ ਚਾਹ ਦੇ ਕੱਪ ਤੇ ਬੀਜੇਪੀ ਆਫਿਸ ਵਿਚ ਵਧੀਆ ਮਹੌਲ ਵਿਚ ਮਸਲੇ ਤੇ ਆਦਾਨ ਪ੍ਰਦਾਨ ਕੀਤਾ ਜਾਵੇਗਾ। ਲੇਕਿਨ ਜਿਉਂ ਹੀ 'ਆਪ ' ਵਾਲੇ,ਜਿਨਾ ਵਿਚ ਸਾਬਕਾ ਚੈਅਰਮੈਨ ਅਤੇ ਕੈਬਨਿਟ ਮੰਤਰੀ ਤੇ ਮਜੂਦਾ ਵਿਧਾਇਕ ਬੰਗਾ ਸੁਖਵਿੰਦਰ ਸੁੱਖੀ ਸਨ, ਨਜਦੀਕ ਆਏ ਉਹਨਾ ਵਾਰੇ ਲਾਇਵ ਹੋਕੇ ਸ਼ਾਨ ਦੇ ਖਿਲਾਫ ਬੋਲਣਾ ਸ਼ੁਰੂ ਕਰ ਦਿਤਾ। 'ਇਹਨਾ ਉਤੇ ਪਥਰ,ਡਾਂਗਾ ਪੈਣਗੇ' ਵਗੈਰਾ ਸ਼ਬਦਾਵਲੀ ਕੋਈ ਸਭਿਆਚਾਰਕ ਸੋਚ ਨਹੀਂ ਸੀ ਜਿਸ ਕਾਰਨ ਮਹੌਲ ਖਰਾਬ ਹੋ ਗਿਆ। ਆਉਣ ਵਾਲੇ ਸਮੇ ਵਿਚ ਇਲਾਕੇ ਵਿਚ ਸਭ ਪਾਰਟੀਆ ਦੇ ਲੀਡਰਾਂ ਤੋ ਉਮੀਦ ਕਰਦੇ ਹਾਂ ਕਿ ਸ਼ਾਂਤਮਈ ਮਹੌਲ ਕਾਇਮ ਰੱਖਣ ਲਈ ਹਰ ਸ਼ਬਦ ਤੋਲ ਮੋਲ ਕੇ ਬੋਲਿਆ ਜਾਵੇ।

# ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਸਰਦਾਰ ਉਂਕਾਰ ਸਿੰਘ ਨੇ ਨਵੋਦਿਆ ਵਿਦਿਆਲਿਆ ਪੋਜੇਵਾਲ ਦੀ ਵਿਸ਼ੇਸ਼ ਵਿਜ਼ਿਟ ਕੀਤੀ

## ਸਕਾਊਟਸ ਅਤੇ ਗਾਈਡਜ਼ ਨਾਲ ਬੱਚਿਆਂ ਵਿੱਚ ਹੱਥੀ ਕੰਮ ਕਰਨ ਦੀ ਆਦਤ ਪੈਂਦੀ ਹੈ-ਓਕਾਂਰ ਸਿੰਘ ਐਸ.ਓ.ਸੀ

**ਨਵਾਸ਼ਹਿਰ 11 ਮਈ(ਜਤਿੰਦਰ** ਪਾਲ ਸਿੰਘ ਕਲੇਰ )ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਸਰਦਾਰ ਉਂਕਾਰ ਸਿੰਘ ਭਾਰਤ ਸਕਾਊਟਸ ਅਤੇ ਗਾਈਡਜ਼ ਪੰਜਾਬ ਨੇ ਪੀ.ਐਮ ਸ੍ਰੀ ਜਵਾਹਰ ਨਵਦਿਆ ਵਿਦਿਆਲਿਆ ਪੋਜੇਵਾਲ ਦੀ ਸਪੈਸ਼ਲ ਵਿਜ਼ਿਟ ਕੀਤੀ ਅਤੇ ਸਕੂਲ ਵਿੱਚ ਚੱਲ ਰਹੇ ਭਾਰਤ ਸਕਾਊਟਸ ਅਤੇ ਗਾਈਡਜ਼ ਯੂਨਿਟ ਦਾ ਨਿਰੀਖਣ ਕੀਤਾ ।ਉਹਨਾਂ ਭਾਰਤ ਸਕਾਊਟਸ ਅਤੇ ਗਾਈਡਜ਼ ਯੂਨਿਟ ਦੇ ਵਿਦਿਆਰਥੀਆਂ ਅਤੇ ਸਕਾਊਟ ਮਾਸਟਰਾਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਸਰਦਾਰ ਉਂਕਾਰ ਸਿੰਘ ਨੇ ਦੱਸਿਆ ਕਿ ਅੱਜ ਸਾਡੇ ਬੱਚੇ ਨੈਤਕਿ ਕਦਰਾਂ ਕੀਮਤਾਂ ਅਤੇ ਹੱਥੀ ਕੰਮ ਕਰਨ ਦੀ ਆਦਤ ਭੁੱਲ ਚੁੱਕੇ ਹਨ ਪਰ ਭਾਰਤ ਸਕਾਊਟਸ ਅਤੇ ਗਾਈਡਜ਼ ਸਾਨੂੰ ਨੈਤਿਕ ਕਦਰਾਂ ਕੀਮਤਾ ਬਾਰੇ ਦੱਸਦਾ ਹੈ ਤੇ ਬੱਚਿਆਂ ਵਿੱਚ ਹੱਥੀ ਕੰਮ ਕਰਨ ਦੀ ਆਦਤ ਨੂੰ ਪ੍ਰਫੁੱਲਤ ਕਰਦਾ ਹੈ ਜੋ ਕਿ ਅੱਜ ਦੇ ਸਮੇਂ ਦੀ ਲੋੜ ਹੈ ਕਿਉਂਕਿ ਅੱਜ ਸਾਡੇ ਬੱਚੇ ਇਹਨਾਂ ਚੀਜਾਂ ਨੂੰ ਦੂਰ ਹੁੰਦੇ ਜਾ ਰਹੇ ਹਨ।ਉਹਨਾਂ ਅੱਗੇ ਕਿਹਾ ਕਿ ਪਹਿਲੇ ਸਮਿਆਂ ਤੇ ਅੱਜ ਦੀ ਸਿੱਖਿਆ ਸਿਸਟਮ ਵਿੱਚ ਬਹੁਤ ਅੰਤਰ ਆ ਚੁਕਾ ਹੈ।ਉਹਨਾਂ ਇਹ ਵੀ ਦੱਸਿਆ ਕਿ ਭਾਰਤ ਸਕਾਊਟਸ ਅਤੇ ਗਾਈਡਜ਼ ਜਿੱਥੇ ਬੱਚਿਆ ਦੇ ਸਰਬਪੱਖੀ ਵਿਕਾਸ ਵਿੱਚ ਆਪਣਾ ਯੋਗਦਾਨ ਪਾਉਂਦਾ ਹੈ ਉੱਥੇ ਭਾਰਤ ਸਕਾਊਟਸ ਅਤੇ ਗਾਈਡਜ਼ ਨਾਲ





ਜੁੜਨ ਵਾਲੇ ਬੱਚਿਆ ਨੂੰ ਭਵਿੱਖ ਵਿੱਚ ਵੱਖ ਵੱਖ ਯੂਨੀਵਰਸਿਟੀਆ ਵਿੱਚ ਦਾਖਲਾ ਪ੍ਰਾਪਤ ਕਰਨ ਅਤੇ ਨੌਕਰੀਆਂ ਪ੍ਰਾਪਤ ਕਰਨ ਵੇਲੇ ਵਿਸ਼ੇਸ ਅੰਕ ਦੇਣ ਦੀ ਸੁਵਿਧਾ ਸਰਕਾਰਾਂ ਵਲੋਂ ਰੱਖੀ ਗਈ ਹੈ।ਇਸ ਮੌਕੇ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਸਰਦਾਰ ਉਂਕਾਰ ਸਿੰਘ ਵਲੋਂ ਵਿਦਿਆਲਿਆ ਵਿੱਚ ਚੱਲ ਰਹੇ ਭਾਰਤ ਸਕਾਊਟਸ ਅਤੇ ਗਾਈਡਜ਼ ਯੂਨਿਟ ਦੀਆਂ ਗਤੀਵਿਧੀਆਂ ਬਾਰੇ ਵਿਸ਼ਥਾਰ ਪੂਰਵਕ ਜਾਣਕਾਰੀ ਪ੍ਰਾਪਤ ਕੀਤੀ ਅਤੇ ਬੱਚਿਆ ਨਾਲ ਗੱਲਬਾਤ ਕੀਤੀ ਅਤੇ ਬੱਚਿਆ ਦੀਆਂ ਭਾਰਤ ਸਕਾਊਟਸ ਅਤੇ ਗਾਈਡਜ਼ ਦੀਆ ਵੱਖ ਵੱਖ ਗਤੀਵਿਧੀਆ ਦੇਖੀਆਂ ਅਤੇ ਵਿਦਿਆਲਿਆ ਦੇ ਭਾਰਤ ਸਕਾਊਟਸ ਅਤੇ ਗਾਈਡਜ਼ ਯੂਨਿਟ ਦੀ ਤਾਰੀਫ ਕਰਦੇ ਹੋਏ ਕਿਹਾ ਕਿ ਸਕੂਲ ਵਿੱਚ ਇਹ ਯੂਨਿਟ ਬਹੁਤ ਹੀ ਵਧੀਆ ਕੰਮ ਕਰ ਰਿਹਾ ਹੈ।ਇਸ ਮੌਕੇ ਵਿਦਿਆਲ਼ਿਆ ਦੇ ਪ੍ਰਿੰਸੀਪਲ ਰਵਿੰਦਰ ਕੁਮਾਰ ਜਿੱਥੇ ਸਰਦਾਰ ਓਕਾਂਰ ਸਿੰਘ ਦਾ ਵਿਦਿਆਲ਼ਿਆ ਵਿੱਚ ਆਉਣ ਤੇ ਧੰਨਵਾਦ ਕੀਤਾ ਉੱਥੇ ਨਾਲ ਦੀ ਨਾਲ ਦੱਸਿਆ ਕਿ ਉਹਨਾਂ ਦੇ ਸਕੂਲ ਦਾ ਭਾਰਤ ਸਕਾਊਟਸ ਅਤੇ ਗਾਈਡਜ਼ ਯੂਨਿਟ ਰਾਸਟਰੀ ਪੱਧਰ ਤੇ ਪ੍ਰਾਪਤੀਆਂ ਕਰਕੇ ਵਿਦਿਆਲ਼ਿਆ ਦਾ ਨਾਂ ਰਸ਼ੌਨ ਕਰ ਰਿਹਾ ਹੈ ।ਇਸ ਮੌਕੇ ਸਟੇਟ ਆਰਗੇਨਾਈਜ਼ਿੰਗ ਕਮਿਸ਼ਨਰ ਸਰਦਾਰ ਉਂਕਾਰ ਸਿੰਘ ਦਾ ਸਕੂਲ ਯੂਨਿਟ ਵਲੋਂ ਸਨਮਾਨ ਵੀ ਕੀਤਾ ਗਿਆ । ਇਸ ਮੌਕੇ ਪਵਨ ਕੁਮਾਰ ਜਿਲ੍ਹਾ ਕੋਆਰਡੀਨੇਟਰ ਬੀ.ਐਸ਼.ਜੀ, ਨਿਰਮਲ ਸਿਮਘ ਹੱਕਲਾ ਜਿਲ੍ਹਾ ਨੋਡਲ ਇੰਚਾਰਜ ਬੀ.ਐਸ.ਜੀ,ਟਿੰਕ ਕੁਮਾਰ ,ਸਤਪਾਲ ਸਕਾਊਟ ਮਾਸਟਰ ,ਸੁਦੇਸ ਰਾਣੀ ਗਾਈਡ ਕੈਪਟਨ,ਡਾ ਪੂਜਾ ਰਾਣਾ ਗਾਈਡ ਕੈਪਟਨ,ਪ੍ਰਿਆਂਕ ਕ੍ਰਿਸਨਾ ਮਿਊਜਕ ਟੀਚਰ, ਚੌਧਰੀ ਸਾਮ ਲਾਲ,ਜਸਵੀਰ ਪਾਲ ਸਿੰਘ, ਰਣਜੀਤ ਬੱਬਰ ਆਦਿ ਸਮੇਤ ਸਮੂਹ ਬੱਚੇ ਹਾਜਰ ਸਨ।

# ਪਾਰਕ ਸੰਭਾਲ ਤੇ ਸ਼ੋਸ਼ਲ ਵੈਲਫੇਅਰ ਸੁਸਾਇਟੀ ਦਾ ਵਫਦ ਮੈਂਬਰ ਪਾਰਲੀਮੈਂਟ ਦੇ ਪੀ ਏ ਗੁਰਪ੍ਰੀਤ ਸਿੰਘ ਤੇ ਰੋਹਿਤ ਕੁਮਾਰ ਨੂੰ ਮਿਲਿਆ

## ਪਾਰਕ ਦੀਆਂ ਦੋਵੇਂ ਪਾਸੇ ਦੀਆਂ ਸੜਕਾਂ ਤੇ ਪ੍ਰੀਮਿਕਸ ਪਾਉਣ ਦੀ ਕੀਤੀ ਮੰਗ

**ਸੰਗਰੂਰ**

ਪਾਰਕ ਸੰਭਾਲ ਤੇ ਸ਼ੋਸ਼ਲ ਵੈਲਫੇਅਰ ਸੁਸਾਇਟੀ, ਪੂਨੀਆ ਕਲੋਨੀ, ਸੰਗਰੂਰ ਦਾ ਵਫਦ ਪਾਰਕ ਦੀਆਂ ਸਮੱਸਿਆਵਾਂ ਨੂੰ ਲੈ ਕੇ ਅੱਜ ਬਰਨਾਲਾ ਵਿਖੇ ਰਹਿ ਰਹੇ ਮੈਂਬਰ ਪਾਰਲੀਮੈਂਟ ਮੀਤ ਹੇਅਰ ਨੂੰ ਮਿਲਣ ਗਿਆ, ਪਰ ਮੀਤ ਹੇਅਰ ਤਾਂ ਨਹੀਂ ਮਿਲੇ ਪਰ ਉਨ੍ਹਾਂ ਦੇ ਪੀ ਏ ਗੁਰਪ੍ਰੀਤ ਸਿੰਘ ਤੇ ਰੋਹਿਤ ਕੁਮਾਰ ਨੇ ਵਫਦ ਦੀਆਂ ਮੰਗਾਂ ਸੁਣੀਆਂ। ਵਫਦ ਵਿਚ ਸਰਵ ਸ਼੍ਰੀ ਬਹਾਦਰ ਸਿੰਘ ਲੌਂਗੋਵਾਲ,ਮਨਧੀਰ ਸਿੰਘ ਰਾਜੋਮਾਜਰਾ, ਸੁਰਿੰਦਰਪਾਲ ਉਪਲੀ, ਵਿਨੋਦ ਕੁਮਾਰ ਦੀਵਾਨ, ਮਾਸਟਰ ਪਰਮਵੇਦ, ਬਲਵੀਰ ਚੰਦ ਤੇ ਜੁਝਾਰ ਸਿੰਘ ਨੇ ਗੁਰਪ੍ਰੀਤ ਸਿੰਘ ਤੇ



ਰੋਹਿਤ ਕੁਮਾਰ ਨਾਲ 2022 ਤੋਂ ਲਗਾਤਾਰ ਟੁਟੀ ਪਈਆਂ ਸਲਿਪ ਰੋਡਜ ਦੀ ਹਾਲਤ ਅਤੇ ਪਾਰਕ ਵਾਸਤੇ ਲੋੜੀਂਦੇ ਬੈਂਚ, ਸੀਸੀਟੀਵੀ ਕੈਮਰੇ, ਬੱਚਿਆਂ ਲਈ ਝੂਲੇ ਤੇ ਓਪਨ ਜਿੰਮ ਦੇਣ ਲਈ ਜਾਣੂ ਕਰਵਾਇਆ । ਪੀ ਏ ਗੁਰਪ੍ਰੀਤ ਸਿੰਘ ਨੇ ਤੁਰੰਤ ਐਕਸੀਅਨ ਪੀ ਡਬਲਿਊ ਡੀ ਨਾਲ ਫੋਨ ਤੇ ਰਾਬਤਾ ਕਰਕੇ ਇਹ ਸੜਕਾਂ 15 ਦਿਨ ਦੇ ਅੰਦਰ ਬਣਾਉਣ ਦਾ ਵਾਅਦਾ ਕੀਤਾ। ਪਾਰਕ ਲਈ 20 ਬੈਂਚ ਤੇ ਹੋਰ ਸਮਾਨ ਆਉਣ ਵਾਲੀ ਗਰਾਂਟ ਵਿਚ ਜਲਦੀ ਦੇਣ ਲਈ ਵਿਸ਼ਵਾਸ ਦਵਾਇਆ।ਸੰਗਰੂਰ ਸ਼ਹਿਰ ਦੀਆਂ ਸੜਕਾਂ ਦੀ ਮਾੜੀ ਹਾਲਤ, ਥਾਂ ਥਾਂ ਤੇ ਪਏ ਕੂੜੇ ਦੇ ਢੇਰਾਂ ਅਤੇ ਸ਼ਹਿਰ ਦੀਆਂ ਮੁੱਖ ਸੜਕਾਂ ਤੇ ਬੰਦ ਪਈਆਂ ਸਟਰੀਟ ਲਾਈਟਾਂ ਤੇ ਗਲੀਆਂ ,ਮੁਹੱਲਿਆਂ ਤੇ ਸੜਕਾਂ ਤੇ ਘੁੰਮਦੇ ਅਵਾਰਾ ਤੇ ਬੇਸਹਾਰਾ ਪਸ਼ੂਆਂ ਬਾਰੇ ਵੀ ਜਾਣੂ ਕਰਵਾਇਆ ਗਿਆ।

**ਮਾਸਟਰ ਪਰਮਵੇਦ ਸੰਗਰੂਰ**
**9417422349**

## ਪਖੰਡੀ ਬਾਬਿਆਂ ਵੱਲੋਂ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਆਦਿ ਕਰਨ ਦੇ ਵਿਰੋਧ ਸੰਬੰਧੀ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦਿੱਤਾ ਜਾਵੇਗਾ-ਮਾਸਟਰ ਪਰਮਵੇਦ

- ਤਰਕਸ਼ੀਲ ਮੈਗਜ਼ੀਨ ਦਾ ਮਈ ਅੰਕ ਲੋਕ ਅਰਪਨ ਕੀਤਾ --ਸੁਰਿੰਦਰ ਪਾਲ
- ਵਿਗਿਆਨਕ ਸੋਚ ਦੀ ਰੋਸ਼ਨੀ ਵਿੱਚ ਆਉਣ ਦਾ ਸੁਨੇਹਾ -ਤਰਕਸ਼ੀਲ



**ਸੰਗਰੂਰ।** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ ਤੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਦੀ ਨਿਗਰਾਨੀ ਵਿੱਚ ਸੰਗਰੂਰ ਵਿਖੇ ਹੋਈ । ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਦੇ ਮਈ ਅੰਕ ਨੂੰ ਲੋਕ ਅਰਪਣ ਕੀਤਾ ਗਿਆ ਤੇ ਨਵੇਂ ਪਾਠਕ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤੇ ਹਰੇਕ ਮੈਂਬਰ ਵੱਲੋਂ ਘੱਟੋ ਘੱਟ ਦੋ ਨਵੇ ਪਾਠਕ ਬਣਾਉਣ ਦੀ ਸਹਿਮਤੀ ਬਣੀ। ਪਿਛਲੇ ਦਿਨੀਂ ਇਕਾਈ ਕੋਲ ਤਿੰਨ ਦਿਨਾਂ ਲਈ ਆਈ ਤਰਕਸ਼ੀਲ ਸਾਹਿਤ ਵੈਨ ਲਈ ਜ਼ਿਮੇਵਾਰੀ ਨਿਭਾਉਣ ਵਾਲੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।ਜੋਨ ਸੰਗਰੂਰ ਵੱਲੋਂ 14 ਮਈ ਨੂੰ ਪਖੰਡੀ ਬਾਬਿਆਂ, ਅਖੌਤੀ ਸਿਆਣਿਆਂ, ਵਾਸਤੂਸ਼ਾਸਤਰੀਆਂ ਵੱਲੋਂ ਲੋਕਾਂ ਦੀ ਆਰਥਿਕ ਤੇ ਮਾਨਸਿਕ ਲੁੱਟ ਆਦਿ ਕਰਨ ਦੇ ਵਿਰੋਧ ਵਿੱਚ ਡਿਪਟੀ ਕਮਿਸ਼ਨਰ ਸੰਗਰੂਰ ਨੂੰ ਮੰਗ ਪੱਤਰ ਦੇਣ ਦਾ ਫ਼ੈਸਲਾ ਕੀਤਾ ਗਿਆ। ਮੀਟਿੰਗ ਵਿੱਚ ਪਿਛਲੇ ਦਿਨੀਂ ਹੋਈ ਸਾਲਾਨਾ ਇਕੱਤ੍ਰਤਾ ਦਾ ਰੀਵਿਊ ਕੀਤਾ ਗਿਆ। ਤਰਕਸ਼ੀਲ ਮੈਂਬਰਾਂ ਨੂੰ ਮੀਟਿੰਗਾਂ ਤੇ ਸਮਾਗਮਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ ਲਈ ਪ੍ਰੇਰਿਆ ਗਿਆ।ਮੀਟਿੰਗ ਵਿੱਚ ਲੋਕਾਂ ਨੂੰ ਅੰਧਵਿਸ਼ਵਾਸ, ਵਹਿਮ ਭਰਮ ਤੇ ਵੇਲਾ ਵਿਹਾਅ ਚੁੱਕੀਆਂ ਰਸਮਾਂ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਪਰਮਿੰਦਰ ਸਿੰਘ,ਗੁਰਦੀਪ ਸਿੰਘ, ਪ੍ਰਗਟ ਸਿੰਘ ਬਾਲੀਆਂ ਗੁਰਜੰਟ ਸਿੰਘ, ਕ੍ਰਿਸ਼ਨ ਸਿੰਘ,ਸੁਖਦੇਵ ਸਿੰਘ ਕਿਸ਼ਨਗੜ੍ਹ ਨੇ ਸ਼ਮੂਲੀਅਤ ਕੀਤੀ।

**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਰੂਪ ਚੰਦ ਹਰੀਗੜ੍ਹ ਦੇ ਕਾਵਿ ਸੰਗ੍ਰਹਿ ਕਲਮ ਦੀ ਆਵਾਜ਼ ਦਾ ਲੋਕ ਅਰਪਣ

## ਰਾਮ ਸਰੂਪ ਰਿਖੀ ਦੇ ਨਾਵਲ ਤੇ ਕਰਵਾਈ ਗੋਸਟੀ

**ਬਰਨਾਲਾ (ਚੰਡਿਹੋਕ)** ਮਾਲਵਾ ਸਾਹਿਤ ਸਭਾ ਬਰਨ-ਾਲਾ ਵੱਲੋਂ ਸਥਾਨਕ ਪੰਜਾਬ ਆਈਟੀਆਈ ਵਿਖੇ ਸਾਿ-ਹਤਕ ਸਮਾਗਮ ਕਰਵਾਇਆ ਗਿਆ।

ਇਸ ਸਮਾਗਮ ਵਿੱਚ ਸਰੂਪ ਚੰਦ ਹਰੀਗੜ੍ਹ ਦੇ ਕਾਵਿ ਸੰਗ੍ਰਹਿ ਕਲਮ ਦੀ ਆਵਾਜ਼ ਦਾ ਲੋਕ ਅਰਪਣ ਕੀਤਾ ਗਿਆ। ਪੁਸਤਕ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਸਭਾ ਦੇ ਪ੍ਰਧਾਨ ਡਾ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਸਰੂਪ ਚੰਦ ਹਰੀਗੜ੍ਹ ਦੀ ਕਵਿਤਾ ਚੇਤਨ ਮਨੁੱਖ ਨੂੰ ਹਲੂਣਦੀ ਆਸ਼ਵਾਦੀ ਕਵਿਤਾ ਹੈ ਜੋ ਜਬਰ ਨਾਲ ਲੜਨ ਲਈ ਹਿੰਮਤ ਅਤੇ ਹੌਸਲਾ ਪੈਦਾ ਕਰਦੀ ਹੈ। ਜੁਗਰਾਜ ਧੌਲ ਨੇ ਕਿਹਾ ਕਿ ਸਰੂਪ ਚੰਦ ਹਰੀਗੜ ਨੇ ਭਖਦੇ ਮਸਲਿਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ ਵਿਸ਼ੇ ਪੱਖ ਦੇ ਨਾਲ ਨਾਲ ਰੂਪਕ ਪੱਖ ਤੋਂ ਵੀ ਕਵਿਤਾ ਖਰੀ ਉਤਰਦੀ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਪੁਸਤਕ ਦੇ ਸਾਰੇ ਗੀਤ ਪੁਰ-ਾਤਨ ਸੱਭਿਆਚਾਰ ਅਤੇ ਵਿਰਸੇ ਦੇ ਲਿਖਾਇਕ ਹਨ। ਉਪਰੰਤ ਰਾਮ ਸਰੂਪ ਰਿਖੀ ਦੇ ਨਾਵਲ ਮੈਂ ਪ੍ਰਚੰਡ ਭਵਾਨੀ ਉੱਪਰ ਗੋਸ਼ਟੀ ਕਰਵਾਈ ਗਈ ਜਿਸ ਉੱਪਰ ਪਰਚਾ ਪੜ੍ਹਦਿਆਂ ਪ੍ਰਿੰਸੀਪਲ ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਇਸ ਨਾਵਲ ਦਾ ਕਥਾ ਪਟ ਵਰਤਮਾਨ ਸਮੇਂ ਦੇ ਵਰਤਾਰੇ ਵਿਸ਼ਵੀਕਰਨ ਉੱਪਰ ਕੇਂਦਰਿਤ ਹੈ ਇਹ ਨਾਵਲ ਸਾਮਰਾਜ ਦੇ ਨਵੇਂ ਰੂਪ ਵਿਸ਼ਵੀਕਰਨ ਜਾਂ ਸੰਸਾਰੀਕਰਨ ਦੀਆਂ ਸਮਾਜਿਕ ਆਰਥਿਕ ਅਤੇ ਰਾਜਨੀਤਿਕ



ਤੌਰ ਤੇ ਖੋਖਲੀਆਂ ਹੋ ਚੁੱਕੀਆਂ ਨੀਤੀਆਂ ਦਾ ਕੱਚਾ ਚਿੱਠਾ ਪੇਸ਼ ਕਰਦਾ ਹੈ । ਐਡਵੋਕੇਟ ਦਲਜੀਤ ਸਿੰਘ ਸ਼ਾਹੀ ਨੇ ਕਿਹਾ ਕਿ ਇਹ ਨਾਵਲ ਜਮਾਤੀ ਚੇਤਨਾ ਅਤੇ ਸੰਘਰਸ਼ ਦਾ ਵਾਹਕ ਨਾਵਲ ਹੈ। ਇਹ ਨਾਵਲ ਵਿਸ਼ਵੀਕਰਨ ਦੀਆਂ ਮਾਨਤਾਵਾਂ ਦਾ ਪ੍ਰਤੀਉਤਰ ਸਿਰਜਦਾ ਹੈ। ਇਹਨਾਂ ਤੋਂ ਇਲਾਵਾ ਨਾਵਲਕਾਰ ਦਰਸ਼ਨ ਸਿੰਘ ਗੁਰੂ ਜਗਤਾਰ ਜਜ਼ੀਰਾ ਸਨੇਹਇੰਦਰ ਸਿੰਘ ਮੀਲੂ ਕਮਲਜੀਤ ਨੀਲੋਂ ਰਾਮ ਸਰੂਪ ਸ਼ਰਮਾ ਪਰਮਜੀਤ ਮਾਨ ਸਾਦ ਮੁਹੰਮਦ ਭਦੌੜ ਡਾ ਅਮਨਦੀਪ ਸਿੰਘ ਟੱਲੇਵਾਲੀਆ ਚਰਨਜੀਤ ਕੌਰ ਅਤੇ ਹਰਭਜਨ ਸਿੰਘ ਭੋਤਨਾ ਨੇ ਵੀ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਹੰਸ ਸਿੰਘ ਭਗਤਾ ਭਾਈ ਸਿੰਦਰ ਧੌਲਾ ਲਖਵਿੰਦਰ ਸਿੰਘ ਠੀਕਰੀਵਾਲ ਚਮਕੌਰ ਸਿੰਘ ਸੇਖੋਂ ਤੇਜਿੰਦਰ ਚੰਡਿਹੋਕ ਰਜਨੀਸ਼ ਕੌਰ ਬਬਲੀ ਗਗਨ ਸੰਧੂ ਡਾ ਉਜਾਗਰ ਸਿੰਘ ਮਾਨ ਪ੍ਰਿੰਸੀਪਲ ਕੌਰ ਸਿੰਘ ਧਨੌਲਾ ਮਲਕੀਤ ਸਿੰਘ ਭੱਠਲ ਸਰਵਨ ਸਿੰਘ ਕਾਲਾਬੂਲਾ ਐਸ ਪੀ ਕਾਲੇਕੇ ਗੁਰਤੇਜ ਸਿੰਘ ਮੱਖਣ ਗੁਰਤੇਜ ਸਿੰਘ ਹਠੂਰ ਰਾਮ ਸਿੰਘ ਹਠੂਰ ਗੁਰਜੰਟ ਸਿੰਘ ਸੋਹਲ ਬਲਵੀਰ ਸਿੰਘ ਮੰਡੇਰ ਸੱਜਣ ਸਿੰਘ ਦਾਨਗੜ੍ਹ ਬਘੇਲ ਸਿੰਘ ਧਾਲੀਵਾਲ ਚਰਨੀ ਬੇਦਿਲ ਦਲਵਾਰ ਸਿੰਘ ਧਨੌਲਾ ਰਾਮ ਸਿੰਘ ਬੀਹਲਾ ਕਿਰਨਦੀਪ ਕੌਰ ਭਾਈਰੂਪਾ ਅਵਤਾਰ ਸਿੰਘ ਢਿੱਲੋਂ ਅਤੇ ਰਘਵੀਰ ਸਿੰਘ ਗਿੱਲ ਕੱਟੂ ਨੇ ਆਪਣੇ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਬਹੁਤ ਸਾਰੇ ਸਾਹਿਤ ਪ੍ਰੇਮੀਆਂ ਤੋਂ ਇਲਾਵਾ ਪਿੰਡ ਹਰੀਗੜ੍ਹ ਦੀ ਪੰਚਾਇਤ ਅਤੇ ਪਤਵੰਤਿਆਂ ਨੇ ਆਪਣੀ ਹਾਜ਼ਰੀ ਲਵਾਈ ਅਤੇ ਪਿੰਡ ਦੀ ਪੰਚਾਇਤ ਵੱਲੋਂ ਸਰੂਪ ਚੰਦ ਹਰੀਗੜ੍ਹ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਸੰਤ ਨਿਰੰਕਾਰੀ ਮਿਸ਼ਨ ਸ਼ਾਖਾ ਨਕੋਦਰ ਵੱਲੋਂ ਲਗਾਇਆ ਗਿਆ ਖੂਨਦਾਨ ਕੈਂਪ ਜਿਸ ਵਿੱਚ 110 ਦਾਨੀਆਂ ਨੇ ਖੂਨਦਾਨ ਕੀਤਾ







**ਨਕੋਦਰ ਮਹਿਤਪੁਰ 11 ਮਈ:(ਹਰਜਿੰਦਰ ਪਾਲ ਛਾਬੜਾ)** ਸੰਤ ਨਿਰੰਕਾਰੀ ਮਿਸ਼ਨ ਦੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੇ ਨਿਰਦੇਸ਼ਾਂ ਅਨੁਸਾਰ - ਅਤੇ ਦੁਨੀਆ ਭਰ ਵਿੱਚ ਨਿਰੰਕਾਰੀ ਬਾਬਾ ਹਰਦੇਵ ਸਿੰਘ ਜੀ ਮਹਾਰਾਜ ਦੇ ਸੰਦੇਸ਼ ਨੂੰ ਬਰਕਰਾਰ ਰੱਖਦੇ ਹੋਏ: "ਖੂਨ ਨਾੜੀਆਂ ਵਿੱਚ ਵਹਿਣਾ ਚਾਹੀਦਾ ਹੈ, ਨਾਲੀਆਂ ਵਿੱਚ ਨਹੀਂ" - ਦੁਨੀਆ ਭਰ ਵਿੱਚ ਖੂਨਦਾਨ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ। ਇਸ ਸੰਦਰਭ ਵਿੱਚ, ਨਕੋਦਰ ਵਿੱਚ ਸਬਜ਼ੀ ਮੰਡੀ (ਸਬਜ਼ੀ ਮੰਡੀ) ਦੇ ਨੇੜੇ ਸਥਿਤ ਸਥਾਨਕ ਸੰਤ ਨਿਰੰਕਾਰੀ ਭਵਨ ਸ਼ਾਖਾ ਵਿਖੇ ਇੱਕ ਖੂਨਦਾਨ ਕੈਂਪ ਲਗਾਇਆ ਗਿਆ।ਇਸ ਮੌਕੇ, ਨਕੋਦਰ ਸ਼ਾਖਾ ਦੇ ਸੰਯੋਜਕ, ਮਹਾਤਮਾ ਭਾਈ ਸਾਹਿਬ ਗੁਰਦਿਆਲ ਸਿੰਘ ਭਾਟੀਆ ਨੇ ਮੁੱਖ ਮਹਿਮਾਨ - ਵਿਧਾਇਕ ਇੰਦਰਜੀਤ ਕੌਰ ਮਾਨ - ਦਾ ਸਵਾਗਤ ਕੀਤਾ, ਨਕੋਦਰ ਦੇ ਡੀਐਸਪੀ ਡਾ. ਓਂਕਾਰ ਸਿੰਘ ਬਰਾੜ, ਅਤੇ ਕਾਂਗਰਸ ਦੇ ਹਲਕਾ ਇੰਚਾਰਜ ਡਾ. ਨਵਜੋਤ ਦਾਹੀਆ ਹੋਰ ਮਹਿਮਾਨਾਂ ਅਤੇ ਪਤਵੰਤਿਆਂ ਦੇ ਨਾਲ। ਗੁਰਦੀਪ ਸਿੰਘ (ਸੰਚਾਲਕ) ਅਤੇ ਰਵੀ ਕੁਮਾਰ (ਸ਼ਿਕਸ਼ਕ) ਵੀ ਨਾਲ ਮੌਜੂਦ ਸਨ।ਇਸ ਕੈਂਪ ਦਾ ਉਦਘਾਟਨ ਵਿਧਾਇਕ ਬੀਬੀ ਇੰਦਰਜੀਤ ਕੌਰ ਮਾਨ ਨੇ ਕੀਤਾ। ਉਨ੍ਹਾਂ ਨੇ ਨਿਰੰਕਾਰੀ ਮਿਸ਼ਨ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਸਮਾਜ ਭਲਾਈ ਕਾਰਜਾਂ ਦੀ ਸ਼ਲਾਘਾ ਕੀਤੀ ਅਤੇ ਖੂਨਦਾਨ ਨੂੰ "ਅੰਤਮ ਦਾਨ" (ਮਹਾਦਾਨ) ਦੱਸਿਆ। ਇਸ ਕੈਂਪ ਦੌਰਾਨ ਲਗਭਗ 110 ਭੈਣਾਂ-ਭਰਾਵਾਂ ਨੇ ਖੂਨਦਾਨ ਕੀਤਾ।

ਇਸ ਮੌਕੇ ਸਿਵਲ ਹਸਪਤਾਲ ਨਕੋਦਰ ਅਤੇ ਬਲੱਡ ਬੈਂਕ ਜਲੰਧਰ ਦੀਆਂ ਟੀਮਾਂ ਮੌਜੂਦ ਸਨ।ਇਸ ਮੌਕੇ 'ਤੇ ਸਾਬਕਾ ਕੌਂਸਲਰ ਸਤਿੰਦਰ ਸਿੰਘ ਭਾਟੀਆ; ਨਗਰ ਕੌਂਸਲ ਦੇ ਸਾਬਕਾ ਉਪ-ਪ੍ਰਧਾਨ ਪਵਨ ਗਿੱਲ; ਗੁਰਵਿੰਦਰ ਸਿੰਘ ਭਾਟੀਆ; ਸਾਬਕਾ ਕੌਂਸਲਰ ਅਸ਼ਵਨੀ ਕੋਹਲੀ; ਰਾਜੇਸ਼ ਟੱਕਰ; ਜਗਮੀਤ ਹੁਸੈਨਪੁਰ; ਗੌਰਵ ਜੈਨ; ਬੀ.ਕੇ.; ਬੌਬੀ ਸ਼ਰਮਾ; ਅਤੇ *ਸੰਗਤ* ਦਾ ਇੱਕ ਵੱਡਾ ਇਕੱਠ ਸ਼ਾਮਲ ਸੀ। *ਸਮੂਹ। ਸਾਧ ਸੰਗਤ ਲਈ ਲੰਗਰ ਦੀ ਵਿਵਸਥਾ



ਵੀ ਕੀਤੀ ਗਈ

ਕੈਂਪ ਦੀ ਸਮਾਪਤੀ 'ਤੇ, ਨਕੋਦਰ ਸ਼ਾਖਾ ਦੇ ਸੰਯੋਜਕ, ਮਹਾਤਮਾ ਭਾਈ ਸਾਹਿਬ ਗੁਰਦਿਆਲ ਸਿੰਘ ਭਾਟੀਆ ਨੇ ਆਏ ਹੋਏ ਮਹਿਮਾਨਾਂ ਅਤੇ ਪਤਵੰਤਿਆਂ ਦਾ ਸਨਮਾਨ ਕੀਤਾ, ਅਤੇ ਹਾਜ਼ਰ *ਸੰਗਤ*, ਮੈਡੀਕਲ ਟੀਮਾਂ ਅਤੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕੀਤਾ।

# ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਦੇ ਮਹੀਨਾ ਵਾਰ ਪ੍ਰੋਗਰਾਮ ਵਿੱਚ- ਕਾਮਯਾਬੀ ਲਈ ਕਿਰਤ ਅਤਿ ਜ਼ਰੂਰੀ ਹੈ:- ਡਾ. ਤਰਲੋਚਨ ਕੌਰ






**ਭਵਾਨੀਗੜ੍ਹ (ਰਮੇਸ਼ਵਰ ਸਿੰਘ)**ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁ) ਭਵਾਨੀਗੜ੍ਹ ਵਿਖੇ ਲੇਖਿਕਾ ਡਾ. ਤਰਲੋਚਨ ਕੌਰ ਪਟਿਆ.ਲਾ ਨਾ.ਲ ਰੂਬਰੂ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ ਗਲਪਕਾਰ ਸ. ਅਨੋਖ ਸਿੰਘ ਵਿਰਕ ਜੀ ਵੱਲੋਂ ਕੀਤੀ ਗਈ। ਡਾ. ਤਰਲੋਚਨ ਕੌਰ ਪਟਿਆਲਾ ਨੇ 'ਗੁਰੂ ਬਾਣੀ ਵਿੱਚ ਗਿਆਨ ਦਾ ਸੰਕਲਪ', 'ਗੁਰੂ ਨਾਨਕ ਅਤੇ ਧਰਮ', 'ਹਉਕੇ ਜੋ ਬਣ ਗਏ ਗੀਤ', ਪੀਂਘਾਂ ਵਾ.ਲਾ ਵਿਹੜਾ','ਤਿੱਖੀਆਂ ਤੇ ਤਲਖ਼ ਹਕੀਕਤਾਂ' ਪੰਜ ਕਿਤਾਬਾਂ ਪੰਜਾਬੀ ਮਾਂ ਬੋਲੀ ਵਿੱਚ ਲਿਖੀਆਂ ਹਨ।ਪੰਜਾਬੀ ਟ੍ਰਿਬਿਊਨ ਦੇ ਪਾਠਕਾਂ ਦੇ ਖ਼ਤ ਕਾਲਮ ਵਿੱਚ ਉਨ੍ਹਾਂ ਦੀਆਂ ਚਿੱਠੀਆਂ ਛਪਦੀਆਂ ਰਹਿੰਦੀਆਂ ਹਨ।ਜਨ ਸਾਹਿਤ ਅਤੇ ਹੋਰ ਬਹੁਤ ਸਾਰੇ ਰਸਾਲਿਆਂ ਉਨ੍ਹਾਂ ਦੀਆਂ ਰਚਨਾਵਾਂ ਛਪਦੀਆਂ ਰਹਿੰਦੀਆਂ ਹਨ।ਪਹਿਲੀ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨਿਨ ਭਗਤ ਅਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ ਵਾ.ਲੇ ਭਾਈ ਲਾਲੋ ਨੂੰ ਸਮਰਪਿਤ ਇਸ ਸਮਾਗਮ ਵਿੱਚ ਬੋਲਦਿਆਂ ਉਨ੍ਹਾਂ ਨੇ ਕਿਹਾ ਕਿ ਕਿਸੇ ਵੀ ਖੇਤਰ ਵਿੱਚ ਕਾਮਯਾਬ ਹੋਣ ਲਈ ਮਿਹਨਤ, ਮੁਸ਼ੱਕਤ ਅਤੇ ਕਿਰਤ ਅਤਿ ਜ਼ਰੂਰੀ ਹੈ। ਇਸ ਮੌਕੇ ਪਬਲਿਕ ਕਾਲਜ ਸਮਾਣਾ ਤੋਂ ਪ੍ਰੋਫੈਸਰ ਮਹਿੰਦਰ ਸਿੰਘ ਜੀ ਵੀ ਉਚੇਚੇ ਤੌਰ ਤੇ ਹਾਜ਼ਰ ਹੋਏ। ਸਮਾਗਮ ਦੀ ਸ਼ੁਰੂਆਤ ਲੇਖਕ ਜੰਗ ਸਿੰਘ ਫੱਟੜ ਵੱਲੋਂ ਕੀਤੀ ਗਈ ਜਿਸ ਵਿੱਚ ਉਨ੍ਹਾਂ ਨੇ ਆਪਣੇ ਨਵੇਂ ਦ੍ਰਿਸ਼ਟੀਕੋਣ ਅਨੁਸਾਰ ਪੰਜਾਬੀ ਭਾਸ਼ਾ ਵਿੱਚ ਬਿੰਦੀ, ਟਿੱਪੀ ਅਤੇ ਅੱਧਕ ਦੀ ਵਰਤੋਂ ਬਾਰੇ ਹਾਜ਼ਰ ਪਾਠਕਾਂ ਸਰੋਤਿਆਂ ਨੂੰ ਨਵੀਂ ਤੇ ਨਰੋਈ ਸੇਧ ਦਿੱਤੀ। ਇਸ ਮੌਕੇ ਇੱਕ ਵਿਸ਼ਾਲ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਬਾਲ ਕਲਾਕਾਰਾਂ ਲਕਸ਼ਿਤਾ ਸ਼ਰਮਾ ਅਤੇ ਖੁਸ਼ਲੀਨ ਸ਼ਰਮਾ ਨੇ ਮਾਂ ਦਿਵਸ ਨੂੰ ਸਮਰਪਿਤ ਆਪਣੀਆਂ ਰਚਨਾਵਾਂ ਸੁਣਾਈਆਂ। ਇਹਨਾਂ ਤੋਂ ਬਿਨਾਂ ਸ਼ਸ਼ੀ ਬਾਲਾ, ਮੂਲ ਚੰਦ ਸ਼ਰਮਾ, ਗਿਆਨ ਸਿੰਘ, ਜਗਮੀਤ ਕੌਰ ਬੀਂਬੜ, ਕਰਨੈਲ ਸਿੰਘ ਬੀਂਬੜ, ਚਰਨਜੀਤ ਪਟਵਾਰੀ, ਚਰਨਜੀਤ ਸਿੰਘ ਮੀਮਸਾ, ਬਹਾਦਰ ਸਿੰਘ ਧੌਲਾ, ਸਰਬਜੀਤ ਸਿੰਘ ਸੰਗਰੂਰਵੀ, ਪਵਨ ਕੁਮਾਰ ਹੋਸੀ, ਸਰਬਜੀਤ ਸੰਗਰੂਰਵੀ, ਗੁਰਮੁਖ ਸਿੰਘ ਦਿਲਬਰ, ਬੱਲੀ ਬਲਜਿੰਦਰ ਈਲਵਾਲ, ਗੋਪਾਲ ਕ੍ਰਿਸ਼ਨ ਸ਼ਰਮਾ, ਸੁਖਵਿੰਦਰ ਸਿੰਘ ਸਿਆਣ, ਜੰਗੀਰ ਸਿੰਘ ਰਤਨ, ਹਨੀ ਸੰਗਰਾਮੀ, ਭੋਲਾ ਸਿੰਘ ਸੰਗਰਾਮੀਲਮ, ਰਣਜੀਤ ਆਜ਼ਾਦ ਕਾਂਝਲਾ, ਹਰਬੰਸ ਸਿੰਘ ਧੂਰੀ, ਮੀਤ ਸਕਰੌਦੀ, ਬਲਜੀਤ ਸਿੰਘ ਬੰਸਲ ਧੂਰੀ, ਚਮੇਲ ਦਾਸ ਮਿੱਤਲ ਅਤੇ ਹਰਵੀਰ ਸਿੰਘ ਬਾਗੀ ਨੇ ਆਪੋ ਆਪਣੀਆਂ ਸੱਜਰੀਆਂ ਰਚਨਾਵਾਂ ਅਤੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ।

# ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ-1995 (PAPRA) ਤੇ ਸਮਾਜਿਕ ਨਿਆਂ ਦਾ ਸਵਾਲ !!

ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ (PAPRA) ਦਾ ਮੁੱਖ ਉਦੇਸ਼ ਰੀਅਲ ਐਸਟੇਟ ਖੇਤਰ ਵਿੱਚ ਪਾਰਦਰਸ਼ਤਾ ਲਿਆਉਣਾ ਅਤੇ ਆਮ ਲੋਕਾਂ ਦੇ ਹੱਕਾਂ ਦੀ ਰੱਖਿਆ ਕਰਨਾ ਸੀ । ਇਸ ਕਾਨੂੰਨ ਰਾਹੀਂ ਸਰਕਾਰ ਨੇ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਘਰ ਖਰੀਦਣ ਵਾਲਿਆਂ ਨਾਲ ਧੋਖਾਧੜੀ ਨਾ ਹੋਵੇ ਅਤੇ ਕਲੋਨਾਇਜ਼ਰ ਨਿਯਮਾਂ ਦੇ ਅਧੀਨ ਕੰਮ ਕਰਨ। ਖ਼ਾਸ ਤੌਰ 'ਤੇ ਇਸ ਐਕਟ ਵਿੱਚ 27 ਅਗਸਤ 2014 ਨੂੰ ਸੋਧ ਕੀਤੀ ਗਈ ਜਿਸ ਵਿੱਚ ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨ ਲਈ ਆਰਥਿਕ ਪੱਖੋਂ ਕਮਜ਼ੋਰ ਵਰਗ (ਓਂਸ਼) ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ ।

ਉਕਤ ਐਕਟ ਦੇ ਸੈਕਸ਼ਨ 3(2)(h)i()ii() ਅਨੁਸਾਰ ਪੰਜਾਬ ਅਰਬਨ ਡਵੈਲਪ ਅਥਰਿਟੀ ( PUDA ) ਜਾਂ ਹੋਰ ਵਿਕਾਸ ਅਥਾਰਟੀਆਂ ਦੀਆਂ ਕਲੋਨੀਆਂ ਵਿੱਚ 5% ਪਲਾਟ ਆਰਥਿਕ ਤੌਰ ਤੇ ਕਮਜ਼ੋਰ ਵਰਗ ਨੂੰ ਦੇਣੇ ਲਾਜ਼ਮੀ ਤਹਿ ਸਨ । ਇਸੇ ਤਰ੍ਹਾਂ, ਜੇ ਕੋਈ ਨਿੱਜੀ ਡਿਵੈਲਪਰ ਜਾਂ ਬਿਲਡਰ ਫਲੈਟ ਬਣਾਕੇ ਵੇਚਦਾ ਹੈ ਤਾਂ 10% ਫਲੈਟ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਰਾਖਵੇਂ ਰੱਖਣੇ ਲਾਜ਼ਮੀ ਸਨ । ਇਹ ਪ੍ਰਬੰਧ ਇਸ ਲਈ ਕੀਤੇ ਗਏ ਸਨ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇੱਕੋ ਜਿਹੇ ਮੌਕੇ ਮਿਲ ਸਕਣ ਅਤੇ ਸ਼ਹਿਰੀ ਵਿਕਾਸ ਵਿੱਚ ਗਰੀਬ ਵਰਗ ਵੀ ਸ਼ਾਮਲ ਰਹੇ । ਪਰ ਅਸਲ ਵਿੱਚ ਇਹ ਕਾਨੂੰਨੀ ਪ੍ਰਬੰਧ ਕਈ ਵਾਰ ਕਾਗਜ਼ਾਂ ਤੱਕ ਹੀ ਸੀਮਿਤ ਰਹੇ ।

ਪਿੱਛਲੇ ਸਮੇਂ ਮੁਲਾਂਪੁਰ ਸੋਸਾਇਟੀ (ਨਵਾਂ ਚੰਡੀਗੜ੍ਹ) ਵਿਖੇ ਇਸ ਐਕਟ ਦੀਆਂ ਧੱਜੀਆਂ ਉਡਾਈਆਂ ਗਈਆਂ ਜਿੱਥੇ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਬਣਦੀ 7 ਏਕੜ ਜਮੀਨ ਜੋ ਪੁੱਡਾ ਦੀ ਮਿਲੀ ਭੁਗਤ ਨਾਲ ਆਈ.ਏ.ਐਸ, ਪੀ.ਸੀ.ਐਸ ਅਤੇ ਹੋਰ ਉੱਚ ਅਧਿਕਾਰੀਆਂ ਵੱਲੋਂ ਇਸ ਐਕਟ ਦੀ ਪਾਲਣਾ ਨਾਂ ਕਰਦਿਆਂ ਆਪਣੇ ਅਨੁਸਾਰ ਹੀ ਮਨਮਾਨੀ ਤਬਦੀਲੀ ਕਰ ਦਿੱਤੀ ਗਈ । ਇਸ ਤਬਦੀਲੀ ਦੇ ਪਿੱਛੇ ਇਹ ਦਲੀਲ ਦਿੱਤੀ ਗਈ ਕਿ ਡਿਵੈਲਪਰ,ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਵੱਖਰੇ ਪਲਾਟ ਜਾਂ ਫਲੈਟ ਅ ਿ ਜ ਹ ੀ ਅ ਾਂ ਕਲੋਨੀਆ ਵਿੱਚ ਦੇਣ/ਬਣਾਉਣ ਦੀ ਬਜਾਏ ਉਹਨਾਂ ਲਈ ਰਾਖਵੇਂ ਪਲਾਟਾਂ ਅਤੇ ਫਲੈਟਾਂ ਦੀ ਬਣਦੀ ਕੀਮਤ ਪੰਜਾਬ ਅਰਬਨ ਡਵੈਲਪਰ ਅਥਰਿਟੀ ( ਫੂਧਅ ) ਕੋਲ ਜਮ੍ਹਾਂ ਕਰਵਾ ਸਕਦੇ ਹਨ ਅਤੇ ਫਿਰ ਅਥਾਰਟੀ, ਗਰੀਬ ਵਰਗ ਲਈ ਹੋਰ ਬਦਲਵੀਆਂ ਥਾਵਾਂ 'ਤੇ ਇਹਨਾਂ ਨੂੰ ਬਣਦੀ ਵਿਵਸਥਾ ਕਰਕੇ ਦੇਵੇਗੀ ।

ਇਸ ਫੈਸਲੇ ਨੇ ਕਾਨੂੰਨ ਦੀ ਮੂਲ ਭਾਵਨਾ ਨੂੰ ਹੀ ਖਤਮ ਕਰ ਦਿੱਤਾ ਅਤੇ ਇਹ ਪੁੱਡਾ ਅਧਿਕਾਰੀਆਂ ਲਈ ਮੋਟੀ ਕਮਾਈ ਦਾ ਜਰੀਆ ਬਣ ਗਿਆ । ਅਸਲ ਮਕਸਦ ਇਹ ਸੀ ਕਿ ਗਰੀਬ ਅਤੇ ਅਮੀਰ ਇਕੱਠੇ ਇੱਕੋ ਕਲੋਨੀ ਵਿੱਚ ਰਹਿਣ, ਜਿਸ ਨਾਲ ਸਮਾਜਿਕ ਸੰਤੁਲਨ ਬਣਿਆ ਰਹੇ ਪਰ ਨਵੀਂ ਪਾਲਿਸੀ ਨਾਲ ਗਰੀਬ ਵਰਗ ਨੂੰ ਮੁੱਖ ਕਲੋਨੀਆਂ ਤੋਂ ਦੂਰ ਕਰ ਦਿੱਤਾ ਗਿਆ । ਇਸ ਨਾਲ ਨਾ ਸਿਰਫ਼ ਸਮਾਜਿਕ ਵੰਡ ਵਧੀ , ਸਗੋਂ ਕਲੋਨਾਈਜਰਾਂ ਅਤੇ ਬਿਲਡਰਾਂ ਨੂੰ ਵੀ ਵੱਡਾ ਲਾਭ ਮਿਲਿਆ ਕਿਉਂਕਿ ਉਹ ਉੱਚ ਦਰਾਂ 'ਤੇ ਸਾਰੇ ਰਾਖਵੇਂ ਪਲਾਟ ਅਤੇ ਫਲੈਟ ਮਨ ਮੰਨੀਆਂ ਕੀਮਤਾਂ ਤੇ ਵੇਚਦੇ ਆ ਰਹੇ ਹਨ ।

ਇਥੋਂ ਹੀ ਭ੍ਰਿਸ਼ਟਾਚਾਰ ਦੇ ਦਰਵਾਜ਼ੇ ਖੁਲ੍ਹਦੇ ਹਨ । ਜੇ ਬਿਲਡਰ ਜਾਂ ਕਲੋਨਾਈਜਰ ਰਾਖਵੇਂ ਪਲਾਟਾਂ ਜਾਂ ਫਲੈਟਾਂ ਦੀ ਕੀਮਤ ਪੁੱਡਾ ਕੋਲ ਜਮ੍ਹਾਂ ਕਰਵਾਉਂਦੇ ਹਨ ਤਾਂ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਉਹ ਪੈਸਾ ਸਹੀ ਢੰਗ ਨਾਲ ਗਰੀਬਾਂ ਦੀ ਭਲਾਈ ਲਈ ਵਰਤਿਆ ਵੀ ਜਾਂਦਾ ਹੈ ਜਾਂ ਨਹੀਂ । ਕਈ ਮਾਮਲਿਆਂ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਇਹ ਰਕਮ ਪਾਰਦਰਸ਼ੀ ਢੰਗ ਨਾਲ ਵਰਤੀ ਨਹੀਂ ਗਈ ਅਤੇ ਗਰੀਬ ਵਰਗ ਤੋਂ ਬੜੇ ਹੀ ਸਾਜਸੀ ਢੰਗ ਨਾਲ ਉਹਨਾਂ ਦਾ ਹੱਕ ਖੋਹ ਲਿਆ ।

ਇਸ ਤਰ੍ਹਾਂ ਇਹ ਐਕਟ , ਜੋ ਕਿ ਇੱਕ ਸਮਾਜਿਕ ਨਿਆਂ ਦਾ ਸਾਧਨ ਬਣ ਸਕਦਾ ਸੀ , ਉਸਨੂੰ ਲਾਗੂ ਕਰਨ ਵਿੱਚ ਕਮਜ਼ੋਰੀਆਂ ਅਤੇ ਨੀਤੀਗਤ ਤਬਦੀਲੀਆਂ ਨੇ ਉਸਦੇ ਮਕਸਦ ਨੂੰ ਨੁਕਸਾਨ ਪਹੁੰਚਾਇਆ । ਲੋੜ ਹੈ ਕਿ ਸਰਕਾਰ ਇਸ ਮਾਮਲੇ ਵਿੱਚ ਮੁੜ ਸੋਚੇ ਅਤੇ ਇਹ ਯਕੀਨੀ ਬਣਾਏ ਕਿ ਆਰਥਿਕ ਪੱਖੋਂ ਕਮਜ਼ੋਰ ਵਰਗ ਲਈ ਕੀਤੇ ਪ੍ਰਬੰਧ ਅਸਲ ਰੂਪ ਵਿੱਚ ਲਾਗੂ ਹੋਣ । ਜੇਕਰ ਗਰੀਬ ਵਰਗ ਨੂੰ ਸ਼ਹਿਰੀ ਵਿਕਾਸ ਤੋਂ ਦੂਰ ਰੱਖਿਆ ਗਿਆ ਤਾਂ ਇਹ ਨਾ ਸਿਰਫ਼ ਅਨਿਆਏ ਹੋਵੇਗਾ , ਸਗੋਂ ਸਮਾਜਿਕ ਅਸਮਾਨਤਾ ਵਧੇਗੀ । ਅੰਤ ਵਿੱਚ , ਇਸ ਐਕਟ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਇਸਨੂੰ ਇਮਾਨਦਾਰੀ ਅਤੇ ਪਾਰਦਰਸ਼ਤਾ ਨਾਲ ਲਾਗੂ ਕੀਤਾ ਜਾਵੇ ਨਾ ਕਿ ਸਿਰਫ਼ ਕਾਗਜ਼ੀ ਕਾਰਵਾਈ ਤੱਕ ਸੀਮਿਤ ਰੱਖਿਆ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ ,**
**ਮੋਬਾ ਨੰ : 98148 24215**

# ਲੋਕਾਂ ਦਾ ਹਰਮਨ ਪਿਆਰਾ ਗੀਤਕਾਰ-ਗੁਰਮੀਤ ਭੁਮਾਣਾ

"ਜਿਸ ਦੀ ਕਲਮ ਗਰੀਬ ਦੇ ਹੱਕ 'ਚ ਬੋਲਦੀ, ਉਹ ਗੀਤਕਾਰ ਨਹੀਂ ਸਿਪਾਹੀ ਹੁੰਦਾ"

ਲੋਹੀਆਂ ਖਾਸ, ਜਲੰਧਰ ਦੀ ਮਿੱਟੀ 'ਚ ਇੱਕ ਅਜਿਹਾ ਗੀਤਕਾਰ ਜਨਮਿਆ, ਜਿਸ ਦੀ ਕਲਮ ਨੇ ਕਦੇ ਸਮਝੌਤਾ ਨਹੀਂ ਕੀਤਾ। ਨਾਮ ਹੈ ਗੁਰਮੀਤ ਭੁਮਾਣਾ। ਬਚਪਨ ਤੋਂ ਹੀ ਲਿਖਣ-ਗਾਉਣ ਦਾ ਸ਼ੌਕ ਸੀ, ਪਰ ਇਹ ਸ਼ੌਕ ਸਿਰਫ਼ ਤਾੜੀਆਂ ਖੱਟਣ ਲਈ ਨਹੀਂ ਸੀ। ਇਹ ਸ਼ੌਕ ਸੀ ਸੱਚ ਬੋਲਣ ਦਾ, ਬਗ਼ਾਵਤ ਕਰਨ ਦਾ, ਲੋਕਾਂ ਦੇ ਦਿਲਾਂ ਦੀ ਗੱਲ ਕਰਨ ਦਾ। ਅੱਜ ਉਸ ਦੀ ਕਲਮ ਤੋਂ ਨਿਕਲਿਆ ਹਰ ਗੀਤ ਲੋਕਾਂ ਦੀ ਜ਼ੁਬਾਨ ’ਤੇ ਚੜ੍ਹ ਜਾਂਦਾ ਹੈ। ਲੋਕ ਉਸ ਨੂੰ ਬਹੁਤ ਪਿਆਰ ਕਰਦੇ ਹਨ, ਕਿਉਂਕਿ ਉਹ ਉਹੀ ਲਿਖਦਾ ਜੋ ਲੋਕ ਹੰਢਾਉਂਦੇ ਨੇ।

ਬਚਪਨ ਤੋਂ ਬਾਗੀ ਕਲਮ

ਗੁਰਮੀਤ ਭੁਮਾਣਾ ਖੁਦ ਦੱਸਦਾ ਕਿ "ਮਾੜਾ-ਮੋਟਾ ਲਿਖਦਾ ਸੀ" ਪਰ ਜੋ ਲਿਖਦਾ ਸੀ ਉਹ ਸਮੇਂ ਦੀ ਨਬਜ਼ ਫੜਦਾ ਸੀ। ਜਦੋਂ ਦੂਜੇ ਬੱਚੇ ਕਾਪੀਆਂ 'ਤੇ ਤਿੱਤਲੀਆਂ ਬਣਾਉਂਦੇ ਸਨ, ਉਦੋਂ ਇਸ ਦੀ ਕਲਮ ਗਰੀਬ ਦੀ ਭੁੱਖ, ਮਜ਼ਲੂਮ ਦੀ ਚੀਕ ਤੇ ਪੂੰਜੀਪਤੀਆਂ ਦੀ ਲੁੱਟ ਬਾਰੇ ਸਵਾਲ ਚੁੱਕਦੀ ਸੀ। ਉਸ ਉਮਰੇ ਉਸ ਨੇ ਗੀਤ ਲਿਖਣੇ ਸ਼ੁਰੂ ਕਰ ਦਿੱਤੇ। ਸਮਾਂ ਬਦਲਿਆ, ਜ਼ਮਾਨਾ ਬਦਲਿਆ, ਪਰ ਕਲਮ ਦਾ ਸੁਭਾਅ ਨਾ ਬਦਲਿਆ। ਹਮੇਸ਼ਾ ਬਾਗੀ ਰਹੀ। ਅੱਜ ਵੀ ਜਦੋਂ ਉਹ ਲਿਖਦਾ ਹੈ’ਤੇ ਗੀਤ ਗਾਉਂਦਾ ਹੈ ਤਾਂ ਯੂਟਿਊਬ ਤੇ ਜੋ ਵੀ ਕੋਈ ਉਸ ਨੂੰ ਸੁਣਦਾ ਹੈ ਉਸ ਨਾਲ ਗਾਉਣ ਲੱਗ ਪੈਂਦਾ ਹੈ।

ਕਲਮ ਕਿਸ ਦੇ ਲਈ ਚੱਲੀ?

1. ਗਰੀਬਾਂ ਦੇ ਹੱਕਾਂ ਲਈ: ਜਦੋਂ ਸਿਸਟਮ ਨੇ ਗਰੀਬ ਨੂੰ ਦਬਾਇਆ, ਭੁਮਾਣੇ ਦੀ ਕਲਮ ਨੇ ਉਹਦੀ ਆਵਾਜ਼ ਬਣ ਕੇ ਕਾਗਜ਼ ਕਾਲੇ ਕੀਤੇ। ਉਸ ਦੇ ਗੀਤਾਂ ’ਚ ਰੋਟੀ ਦਾ ਦੁੱਖ ਬੋਲਦਾ ਹੈ। "ਨਫ਼ਰਤ ਦਾ ਇਲਾਜ ਗੋਲੀ ਨਹੀਂ, ਗਿਆਨ ਹੁੰਦਾ" ਵਰਗੀਆਂ ਸਤਰਾਂ ਲਿਖ ਕੇ ਉਸ ਨੇ ਨੌਜਵਾਨਾਂ ਨੂੰ ਕਿਤਾਬ ਵੱਲ ਮੋੜਿਆ। ਲੋਕ ਉਸ ਦੇ ਗੀਤ ਪੜ੍ਹ ਕੇ ਤੇ ਸੁਣ ਕੇ ਸੋਚਣ ਲਈ ਮਜਬੂਰ ਹੋ ਜਾਂਦੇ ਹਨ।

2. ਪੂੰਜੀਪਤੀਆਂ ਦੀ ਪੋਲ ਖੋਲ੍ਹੀ: ਵੱਡੇ-ਵੱਡੇ ਮਗਰਮੱਛ ਜੋ ਲੋਕਾਂ ਦਾ ਹੱਕ ਖਾਂਦੇ ਹਨ, ਉਹਨਾਂ ਦੇ ਚਿਹਰਿਆਂ ਤੋਂ ਨਕਾਬ ਲਾਹੁਣ ਦਾ ਕੰਮ ਕੀਤਾ। ਡਰ ਨਹੀਂ, ਸਿਰਫ਼ ਸੱਚ। ਉਸ ਦੇ ਗੀਤ ਰੇਡੀਓ ਤੇ ਸਪੀਕਰਾਂ ’ਤੇ ਭਾਵੇਂ ਨਾਂ ਵੱਜਣ, ਪਰ ਟਰੈਕਟਰਾਂ-ਟਰਾਲੀਆਂ ’ਤੇ, ਚੌਂਕ-ਚੁਰਾਹੇ ’ਤੇ ਜ਼ਰੂਰ ਗੂੰਜਦੇ ਹਨ।

3. ਸਮਾਜ ਦਾ ਸ਼ੀਸ਼ਾ: "ਮਾੜੇ ਸਾਕ ਤੇ ਸਰਕਾਰੀ ਸਕੂਲਾਂ ਦੇ ਜਵਾਕ" ਵਰਗੇ ਵਿਸ਼ਿਆਂ 'ਤੇ ਗੀਤ ਲਿਖ ਕੇ ਸਮਾਜ ਨੂੰ ਉਹਦੀ ਅਸਲੀ ਤਸਵੀਰ ਦਿਖਾਈ। ਉਸ ਦੇ ਗੀਤਾਂ ’ਚ ਲੀਡਰਾਂ ਦੇ ਬਦਲਦੇ ਰੰਗਾਂ ਦੀ ਗੱਲ ਹੈ, ਨਸ਼ਿਆਂ ਨਾਲ ਉੱਜੜਦੇ ਪੰਜਾਬ ਦਾ ਦਰਦ ਹੈ। ਕੌੜਾ ਸੱਚ, ਪਰ ਦਵਾਈ ਵਾਂਗ ਜ਼ਰੂਰੀ।



ਅੰਦਾਜ਼ ਭੁਮਾਣਿਆ ਵਾਲਾ

ਇਹਦੇ ਗੀਤ ਲੰਮੇ ਨਹੀਂ ਹੁੰਦੇ। ਟਕਸਾਲੀ ਤੇ ਤਿੱਖੇ ਹੁੰਦੇ ਹਨ। 4 ਪਹਿਰਿਆਂ 'ਚ ਪੂਰੀ ਗੱਲ ਮੁਕਾ ਦਿੰਦਾ ਹੈ। "ਹਥਿਆਰ ਨਾਲ ਇੱਕ ਮਾਰੇਂਗਾ, ਕਿਤਾਬ ਨਾਲ ਬਦਲੇਗੀ ਹਜ਼ਾਰਾਂ ਦੀ ਸੋਚ"। ਇਹ ਇੱਕ ਲਾਈਨ ਹੀ ਇਹਦੀ ਵਿਚਾਰਧਾਰਾ ਦੱਸਣ ਲਈ ਕਾਫ਼ੀ ਹੈ। ਗਾਉਣ ਦਾ ਸ਼ੌਕ ਵੀ ਨਾਲ-ਨਾਲ ਰਿਹਾ, ਇਸ ਲਈ ਇਹਦੀ ਕਲਮ 'ਚ ਲੈਅ ਹੈ, ਚੋਟ ਹੈ, ਤੇ ਰਵਾਨਗੀ ਹੈ। ਇਹੀ ਕਾਰਨ ਹੈ ਕਿ ਉਸ ਦੇ ਲਿਖੇ ਗੀਤ ਬੱਚਾ-ਬੱਚਾ ਗਾਉਂਦਾ ਹੈ। ਲੋਕ ਕਹਿੰਦੇ ਨੇ ਕਿ ਭੁਮਾਣੇ ਵਾਲੇ ਦਾ ਗੀਤ ਸੁਣ ਕੇ ਖੂਨ ਖੌਲ ਉੱਠਦਾ ਹੈ। ਉਹ ਬਹੁਤ ਵਧੀਆ ਗੀਤ ਲਿਖਦਾ ਹੈ। ਉਸ ਦੀ ਸ਼ਬਦਾਵਲੀ ਸਾਦੀ ਹੈ, ਪਰ ਵਾਰ ਡੂੰਘਾ ਕਰਦੀ ਹੈ।

ਲੋਕਾਂ ਦਾ ਪਿਆਰ

ਅੱਜ ਗੁਰਮੀਤ ਭੁਮਾਣਾ ਸਿਰਫ਼ ਇੱਕ ਨਾਂ ਨਹੀਂ, ਇੱਕ ਲਹਿਰ ਬਣ ਗਿਆ ਹੈ। ਯੂ ਟਿਊਬ ਤੇ ਸੋਸ਼ਲ ਮੀਡੀਆ ’ਤੇ ਉਸ ਦੇ ਗੀਤਾਂ ਦੇ ਲੱਖਾਂ ਵਿਊਜ਼ ਹਨ। ਕਾਰਨ ਸਾਫ਼ ਹੈ: ਉਹ ਲੋਕਾਂ ਦੇ ਦੁੱਖ-ਸੁੱਖ ਦੀ ਗੱਲ ਕਰਦਾ ਹੈ। ਉਹ ਉਸ ਪੰਜਾਬ ਦੀ ਗੱਲ ਕਰਦਾ ਹੈ ਜੋ ਅਖ਼ਬਾਰਾਂ ’ਚ ਨਹੀਂ ਦਿਸਦਾ। ਇਸੇ ਕਰਕੇ ਕਿਰਤੀ-ਕਿਸਾਨ, ਮਜ਼ਦੂਰ, ਵਿਦਿਆਰਥੀ, ਸਾਰੇ ਉਸ ਨੂੰ ਆਪਣਾ ਗੀਤਕਾਰ ਮੰਨਦੇ ਹਨ।

ਅੱਜ ਦੇ ਦੌਰ 'ਚ ਜਦੋਂ ਬਹੁਤੀਆਂ ਕਲਮਾਂ ਵਿਕ ਗਈਆਂ ਨੇ ਜਾਂ ਡਰ ਗਈਆਂ ਹਨ, ਉਦੋਂ ਗੁਰਮੀਤ ਭੁਮਾਣਾ ਵਰਗੇ ਕਲਮ ਦੇ ਸਿਪਾਹੀ ਜ਼ਰੂਰੀ ਹਨ। ਇਹ ਸਾਬਤ ਕਰਦੇ ਹਨ ਕਿ ਗੀਤਕਾਰ ਦਾ ਕੰਮ ਸਿਰਫ਼ ਇਸ਼ਕ-ਮੁਸ਼ਕ ਨਹੀਂ। ਗੀਤਕਾਰ ਦਾ ਕੰਮ ਹੈ ਸਮਾਜ ਨੂੰ ਜਗਾਉਣਾ, ਸੋਚਾਂ ਨੂੰ ਬਦਲਣਾ।

ਕਲਮ ਜਦੋਂ ਬਾਗੀ ਹੋਵੇ, ਤਾਂ ਇਨਕਲਾਬ ਆਉਂਦਾ। ਤੇ ਭੁਮਾਣੇ ਵਾਲੇ ਦੀ ਕਲਮ ਬਾਗ਼ੀ ਹੈ। ਲੋਕਾਂ ਦਾ ਪਿਆਰ ਹੀ ਉਸ ਦੀ ਸਭ ਤੋਂ ਵੱਡੀ ਕਮਾਈ ਹੈ। ਪਾਠਕੋ ਵੈਸੇ ਤਾਂ ਮੀਤਾ ਬਾਈ ਜੀ ਹਜ਼ਾਰਾਂ ਗੀਤ ਲਿਖ ਚੁੱਕੇ ਹਨ ਤੁਹਾਡੀ ਜਾਣਕਾਰੀ ਲਈ ਮੈਂ ਸਿਰਫ ਤੁਹਾਨੂੰ ਤਿੰਨ ਗੀਤਾਂ ਦੇ ਮੁੱਖੜੇ ਪੇਸ਼ ਕਰ ਰਿਹਾ ਹਾਂ।"ਕੁਰਸੀ ਦਾ ਖੇਡ"

ਦਿਲਾਂ 'ਚ ਭਾਈਚਾਰਾ ਹੈ ਪਰ ਇਹ ਲੜਾਈ ਕਰਾਉਂਦੇ ਨੇ,_
ਗਰੀਬ ਦੀ ਰੋਟੀ ਖੋਹ ਕੇ ਆਪਣੇ ਮਹਿਲ ਬਣਾਉਂਦੇ ਨੇ।
ਨਫ਼ਰਤ ਦੇ ਬੀਜ ਬੀਜ ਕੇ ਫ਼ਸਲ ਵੋਟਾਂ ਦੀ ਵੱਢਦੇ ਨੇ,
ਇਨਸਾਨ ਨੂੰ ਇਨਸਾਨ ਤੋਂ ਇਹ ਵੱਖਰਾ ਕਰਾਉਂਦੇ ਨੇ।
*ਟੀਵੀ ਉੱਤੇ ਰੌਲਾ ਪਾ ਕੇ ਸੱਚ ਨੂੰ ਦੱਬ ਜਾਂਦੇ ਨੇ,_
ਭੁੱਖ ਨਾਲ ਮਰਦੇ ਬੱਚਿਆਂ ਦੀਆਂ ਖ਼ਬਰਾਂ ਛਪਣ ਨਹੀਂ ਦਿੰਦੇ ਨੇ।
ਇਹਨਾਂ ਦਾ ਮਜ਼੍ਹਬ ਹੈ ਸਿਰਫ ਤਖ਼ਤ ਤੇ ਤਾਜ ਬਚਾਉਣਾ,
ਗੁਰਦੁਆਰੇ ਚੁੱਪ ਰਹਿਣ ਨਹੀਂ ਦਿੰਦੇ, ਚਰਚ ਵੀ ਗਾਉਣ ਨਹੀਂ ਦਿੰਦੇ ਨੇ।

**"ਭਗਵੇਂ ਭੇਸ 'ਚ ਭੇੜੀਆ"** 🐺।

ਭਗਵੇ ਕੱਪੜੇ ਪਾਕੇ ਬੈਠਾ, ਸਿਰ ਤੇਜ਼ ਬਣਾ ਕੇ
ਹੱਥ ਚ ਮਾਲਾ ਮੂੰਹ ਚ ਰਾਮ, ਦਿਲ ਚ ਕਪਟ ਛੁਪਾ ਕੇ
ਅੰਗੂਠਾ ਉਂਗਲੀ ਗੋਲ ਕਰਕੇ, ਗਿਆਨ ਦਾ ਨਾਟਕ ਕਰਦਾ
ਭੋਲੇ ਭਾਲੇ ਲੋਕ ਜੋ ਬੈਠੇ, ਸਾਧ ਉਹਨਾਂ ਤੇ ਵਰਦਾ
ਮੂਹੋਂ ਕਹੇ ਮੋਹ ਮਾਇਆ ਤਿਆਗੋ, ਖੁਦ ਮਹਿਲਾ ਵਿੱਚ ਰਹਿੰਦਾ
ਦਾਨ ਦਖਸ਼ਣਾ ਮੰਗਣ ਵਾਸਤੇ, ਲਾ ਕੇ ਧੂਣਾ ਬਹਿੰਦਾ
ਅੱਖਾਂ ਦੇ ਵਿਚ ਹਵਸ਼ ਲਈ ਫ਼ਿਰਦਾ, ਕਹਿੰਦਾ ਕਾਮ ਕ੍ਰੋਧ ਨੂੰ ਮਾਰੋ
ਜੀਵਨ ਸਫਲ ਬਣਾਉਣਾ ਏ ਜੇ, ਮੇਰਾ ਸ਼ੀਨਾ ਠਾਰੋ।

**"ਵਰਦੀ ਦਾ ਫਰਜ਼"** 👮 ਠ

ਕਹਿੰਦੇ ਨੇ 10% ਵਰਦੀ ਵਾਲੇ ਹੀਰੇ ਨੇ,
ਜੋ ਰਾਤ-ਬਰਾਤੇ ਲੋਕਾਂ ਦੇ ਪਹਿਰੇ ਨੇ।
ਇੱਜ਼ਤ ਨਾਲ ਨੌਕਰੀ ਕਰਦੇ, ਫਰਜ਼ ਨਿਭਾਉਂਦੇ ਨੇ,
ਗਰੀਬ ਦੀ ਹਾਏ ਤੋਂ ਡਰਦੇ, ਇਨਸਾਫ ਦਿਵਾਉਂਦੇ ਨੇ।
ਪਰ ਬਾਕੀ 90% ਦਾ ਕੀ ਦੱਸੀਏ ਹਾਲ,
ਤਨਖਾਹ ਪੂਰੀ ਮਿਲਦੀ, ਫਿਰ ਵੀ ਮੂੰਹ 'ਚੋਂ ਨਿਕਲੇ "ਚਾਹ-ਪਾਣੀ" ਦਾ ਸਵਾਲ।
ਥਾਣੇ ਦੇ ਗੇਟ 'ਤੇ ਖੜ੍ਹੇ, ਜਿਵੇਂ ਟੋਲ-ਟੈਕਸ ਵਾਲੇ,
ਲੋਕਾਂ ਦੀਆਂ ਜੇਬਾਂ 'ਤੇ ਰੱਖਦੇ, ਆਪਣੇ ਨਜ਼ਰ ਸ ਾ ਲ ੇ ।

ਮੈਂ 10 ਸਾਲਾਂ ਤੋਂ ਮੀਤੇ ਗੀਤਕਾਰ ਬਾਈ ਜੀ ਦੇ ਗੀਤ ਪੜ੍ਹਦਾ ਤੇ ਸੁਣਦਾ ਆ ਰਿਹਾ ਹਾਂ ਤੁਸੀਂ ਵੀ ਸੋਸ਼ਲ ਮੀਡੀਆ ਤੇ ਯੂਟਿਊਬ ਤੇ ਇਹਨਾਂ ਦੇ ਗੀਤ ਸੁਣੇ ਹੋਣਗੇ। ਸ਼ੁਰੂ ਤੋਂ ਹੀ ਇਹਨਾਂ ਦੀ ਕਲਮ ਬਾਗੀ ਤੇ ਇਨਕਲਾਬੀ ਹੈ ਸਹੀ ਰਸਤੇ ਤੇ ਚੱਲ ਰਹੀ ਹੈ ਅਜਿਹੇ ਸਾਡੇ ਲੇਖਕ ਹੋਣ ਤਾਂ ਇਨਕਲਾਬ ਕੰਧਾਂ ਤੇ ਉੱਕਰਿਆ ਸਾਫ਼ ਵਿਖਾਈ ਦਿੰਦਾ ਹੈ ਗੀਤਕਾਰ ਮੀਤੇ ਬਾਈ ਦੀ ਕਲਮ ਨੂੰ ਸਲਾਮ।



**ਰਮੇਸ਼ਵਰ ਸਿੰਘ**

# ਮਾਸੀ ਸੰਤੋ ਦਾ ਫੈਸਲਾ


"ਲੈ ਵੀ ਬਿਹਾਰੇ ਪੁੰਨਾ ਦੇ ਜੋ ਵੀ ਜੁਆਕ ਹੋਵੇ ਉਹ ਤੁਸੀਂ ਛੱਲੋ ਦੀ ਝੋਲੀ ਪਾ ਦਿਓ।" ਮੇਰੀ ਮਾਸੀ ਸੰਤੋ ਨੇ ਐਲਾਨ ਕਰ ਦਿੱਤਾ। ਮਾਮਾ ਬਾਊ ਮਾਮੇ ਬਿਹਾਰੀ ਤੋਂ ਵੱਡਾ ਸੀ। ਉਸਦੇ ਜੁਆਕ ਹੋਇਆ ਸੀ ਪ੍ਰੰਤੂ ਕੁਝ ਸਾਲਾਂ ਬਾਅਦ ਗੁਜ਼ਰ ਗਿਆ। ਫਿਰ ਕਈ ਸਾਲ ਮਾਮੀ ਕੁਸ਼ੱਲਿਆ ਦੀ ਗੋਦ ਹਰੀ ਨਾ ਹੋਈ। ਛੋਟੀ ਮਾਮੀ ਬਿਮਲਾ ਜਿਸਨੂੰ ਉਸਦੇ ਪੇਕੇ ਸਹੁਰੇ ਪੁੰਨਾ ਆਖਦੇ ਸਨ। ਉਸਦਾ ਪੈਰ ਭਾਰੀ ਸੀ। ਮਾਮਾ ਬਿਹਾਰੀ ਮਾਮੀ ਨੂੰ ਮੋਮਬੱਤੀ ਆਖਦਾ ਸੀ। ਮੇਰੇ ਨਾਨਕੇ ਘਰ ਵਿਆਹ ਸੀ ਯਾਦ ਨਹੀਂ ਕਿਸੇ ਮਾਮੇ ਦੇ ਮੁੰਡੇ ਦਾ ਸੀ ਕਿ ਮਾਮੇ ਦੀ ਕੁੜੀ ਦਾ। ਇਹ ਸਾਰੇ ਭੈਣ ਭਰਾ ਵੱਡੇ ਮਾਮਾ ਕੁੰਦਨ ਲਾਲ ਦੀ ਵੱਡੀ ਸਾਰੀ ਸੁਵਾਤ ਚ ਬੈਠੇ ਸਨ। ਮਾਮੇ ਕੁੰਦਨ ਦੇ ਹਿੱਸੇ ਉਹ ਸਵਾਤ ਹੀ ਆਈ ਸੀ। ਪੁਰਾਣੀ ਬਣੀ ਹੋਣ ਕਰਕੇ ਉਹ ਵੇਹੜੇ ਨਾਲੋਂ ਫੁੱਟ ਨੀਵੀਂ ਸੀ। ਕੋਈ ਖਿੜਕੀ, ਜੰਗਲਾ ਨਾ ਹੋਣ ਕਰਕੇ ਉਥੇ ਅਮੂਮਨ ਘੁੱਪ ਹਨੇਰਾ ਹੀ ਰਹਿੰਦਾ ਸੀ ਪ੍ਰੰਤੂ ਛੇ ਸੱਤ ਮੰਜੇ ਆਰਾਮ ਨਾਲ ਡਹਿ ਜਾਂਦੇ ਸਨ। ਵਿਆਹ ਕਿਸੇ ਘਰੇ ਵੀ ਹੁੰਦਾ ਮਹਿਫ਼ਿਲ ਮਾਮੇ ਕੁੰਦਨ ਘਰੇ ਹੀ ਸੱਜਦੀ। ਮੇਰੇ ਪੰਜੇ ਮਾਮੇ ਤੇ ਚਾਰੇ ਮਾਸੀਆਂ ਉਥੇ ਹੀ ਧਮਾਲ ਪਾਉਂਦੇ। ਮੇਰੇ ਨਾਨਕੇ ਪਰਿਵਾਰ ਵਿੱਚ ਮਾਸੀ ਸੰਤੋ ਅਤੇ ਪਾਪਾ ਜੀ ਦੇ ਕੀਤੇ ਫੈਸਲੇ ਤੇ ਕੋਈ ਵੀਟੋ ਨਹੀਂ ਸੀ ਕਰਦਾ। ਬਾਅਦ ਵਿੱਚ ਤਾਂ ਖੈਰ ਜੁਆਕਾਂ ਹੱਥ ਪ੍ਰਧਾਨਗੀਆਂ ਆ ਗਈਆਂ। ਮੇਰੇ ਵਰਗੇ ਸਾਰੇ ਹੀ ਮਾਮਿਆਂ, ਮਾਸੀਆਂ, ਅਤੇ ਚਾਚੇ, ਚਾਚੀਆਂ ਮੂਹਰੇ ਮੂੰਹ ਖੋਲ੍ਹਣ ਲੱਗ ਪਏ। ਮਾਸੀ ਦੀ ਘੋਸ਼ਣਾ ਤੇ ਵੀ ਕਿਸੇ ਨੇ ਕੀ ਇਤਰਾਜ ਕਰਨਾ ਸੀ ਸਗੋਂ ਸਭ ਨੇ ਤਾੜੀ ਮਾਰ ਦਿੱਤੀ। ਮਾਮੀ ਬਿਮਲਾ ਦੇ ਕੁੜੀ ਹੋਈ ਤੇ ਉਹ ਮਾਮੇ ਬਾਊ ਨੂੰ ਦੇ ਦਿੱਤੀ। ਕੁੜੀ ਨੇ ਐਸੇ ਭਾਗ ਲਾਏ ਕਿ ਮਾਮੇ ਬਾਊ ਦੇ ਵੀ ਅੱਗੇ ਤਿੰਨ ਮੁੰਡੇ ਹੋਏ। ਇੱਧਰ ਮਾਮੇ ਬਿਹਾਰੀ ਕੋਲ੍ਹ ਵੀ ਤਿੰਨ ਮੁੰਡੇ ਤੇ ਇੱਕ ਕੁੜੀ। ਓਦੋਂ ਭਰਾਵਾਂ ਚ ਇਤਫ਼ਾਕ ਹੁੰਦਾ ਹੈ। ਕੋਈ ਵੱਡਿਆਂ ਦਾ ਆਖਾ ਨਹੀਂ ਸੀ ਉਲਟਾਉਂਦਾ। ਇਹੋ ਜਿਹੇ ਫੈਸਲਿਆਂ ਵਿੱਚ ਸਹੁਰਿਆਂ ਦੀ ਲੇਸ ਮਾਤਰ ਵੀ ਦਖਲਅੰਦਾਜੀ ਨਹੀਂ ਸੀ ਹੁੰਦੀ। ਅੱਜ ਕੱਲ੍ਹ ਤਾਂ ਭਰਾਵਾਂ ਦੇ ਬਟਵਾਰੇ ਤੋਂ ਲੈਕੇ ਭਰਾਵਾਂ ਦੀ ਦਾਲ ਕੌਲੀ ਦੀ ਸਾਂਝ ਤੇ ਵੀ ਸਹੁਰੇ ਟੇਡੀ ਅੱਖ ਰੱਖਦੇ ਹਨ।



ਰਮੇਸ ਸੇਠੀ ਬਾਦਲ
9876627233

# (ਮੁੰਡੇ ਤੇ ਕੁੜੀਆਂ ਦੋਨੋਂ ਜ਼ਰੂਰੀ)

ਭਾਵੇਂ ਹੋਵੇ ਕਿੰਨੀ ਮਜਬੂਰੀ, ਮੁੰਡੇ ਵੀ ਉਤਨੇ ਹੀ ਜ਼ਰੂਰੀ। ਜਿਹੜੇ ਮਸਲਿਆਂ ਨੂੰ ਗਲਤ ਰੰਗਤ ਦਿੰਦੇ, ਦੂਸਰਿਆਂ ਨੂੰ ਕਰਦੇ ਖੱਜਲ ਖੁਆਰ। ਜਿਹੜੇ ਮੌਕੇ ਦਾ ਫਾਇਦਾ ਉਠਾਉਣਾ ਚਾਹੁੰਦੇ, ਪੈਂਦੀ ਉਹਨਾਂ ਨੂੰ ਵੀ ਕੁਦਰਤ ਦੀ ਮਾਰ। ਪੇਚੀਦਾ ਮਸਲਿਆਂ ਨੂੰ ਰਲ ਮਿਲ ਕੇ ਸੁਲਝਾਓ। ਐਵੇਂ ਕਿਸੇ ਦਾ ਨਾ ਬੋਝ ਵਧਾਓ ਪ੍ਰਭਜੋਤ ਕੌਰ ਜੀ ਕਹਿੰਦੇ, ਸਾਰੇ ਮਸਲੇ ਕਾਨੂੰਨਾਂ ਨਾਲ ਨਹੀਂ ਹੱਲ ਹੁੰਦੇ। ਭਾਵੇਂ ਹੋਵੇ ਮੁੰਡਾ ਭਾਵੇਂ ਹੋਵੇ ਕੁੜੀ, ਈਗੋ ਨਾਲ ਝਗੜੇ ਵਧਦੇ ਹੀ ਰਹਿੰਦੇ। ਦੂਸਰੇ ਦੇ ਘਰ ਲੱਗੀ ਅੱਗ ਤੋਂ ਸਬਕ ਨਹੀਂ ਲੈਂਦੇ। ਦਾਜ-ਦਹੇਜ ਦੇ ਲੈਣ ਦੀ ਲਾਹਨਤ ਤਿਆਗ ਨਹੀਂ ਦੇਂਦੇ। ਦਿੱਲੀ ਵਿੱਚ 30 ਸਾਲਾਂ ਜੱਜ ਨੇ ਖੁਦਕੁਸ਼ੀ ਕੀਤੀ। ਇਹ ਕਹਿਣਾ ਗਲਤ ਕੁੜੀਆਂ ਤੇ ਅੱਤਿਆਚਾਰ ਹੋ ਰਿਹੈ, ਸੋਚੋ ਮੁੰਡੇ ਦੇ ਪਰਿਵਾਰ ਨਾਲ ਕੀ ਹੈ ਬੀਤੀ। ਬਹੁਤੀਆਂ ਕੁੜੀਆਂ ਤਾਂ ਅਦਲਤੀ ਖਰਚਿਆਂ ਤੋਂ ਡਰਦੀਆਂ, ਅਦਾਲਤਾਂ ਚ ਨਹੀਂ ਜਾਂਦੀਆਂ। ਅਪਣੇ ਆਪ ਨੂੰ ਹੀ ਘਰ ਬੈਠੀਆਂ ਸਮਝਾਉਂਦੀਆਂ।ਝਗੜੇ ਸਮਾਜ ਵਾਸਤੇ ਵੀ, ਨੁਕਸਾਨਦੇਹ ਹੁੰਦੇ, ਆਪਸ ਵਿੱਚ ਦੀ ਸਮਝ ਬਣਾਉਣੀ, ਦੋਨੋਂ ਧਿਰਾਂ ਲਈ ਚੰਗੇ ਹੁੰਦੇ। ਕੋਸ਼ਿਸ਼ ਕਰੋ,ਇਕੋ ਜਿਹੇ ਮਾਹੌਲ ਵਿੱਚੋਂ ਹੋਣ ਬੱਚੇ। ਆਦਤਾਂ, ਸਭਿਆਚਾਰ, ਪ੍ਰਤੀ ਹੋਣ ਸੱਚੇ ਪੱਕੇ। ਮਸ਼ਵਰਾ ਕੇਂਦਰਾਂ ਤੱਕ ਵੀ ਆਸਾਨੀ ਨਾਲ ਹੋਵੇ ਪਹੁੰਚ। ਜਿਥੇ ਬੱਚਾ ਅਪਣੇ ਦੁਖੜੇ ਖੁਲ੍ਹ ਕੇ ਰੋਵੇ। ਸਾਰੀ ਜ਼ਿੰਦਗੀ ਜਿੱਥੇ ਕੱਢਣੀ, ਦੁੱਖ ਵੀ ਆਉਣੇ ਸੁੱਖ ਵੀ ਆਉਣੇ, ਇਸ ਗੱਲ ਦੀ ਸੋਝੀ ਹੋਵੇ। ਐਸ਼ ਕਰਨਾ ਹੀ ਨਹੀਂ ਹੁੰਦੀ ਜ਼ਿੰਦਗੀ, ਝੱਖੜ ਤੂਫਾਨਾਂ ਵਿੱਚ ਵੀ ਸਾਥ ਨਿਭਾਉਣਾ ਪੈਂਦਾ। ਰੱਬ ਦਾ ਨਾਮ ਲੈ ਕੇ, ਡੰਗ ਟਪਾਉਣਾ ਪੈਂਦਾ। ਰੱਬ ਰੱਬ ਕਰਦਿਆਂ ਹੀ ਰੱਬ ਮਿਲ ਪੈਂਦਾ। ਫਿਰ ਦੁਨੀਆਂ ਤੇ ਕੋਈ ਕੰਮ ਨਹੀਂ ਰੁਕਿਆ ਰਹਿੰਦਾ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ, ਚੰਡੀਗੜ੍ਹ
ਫੋਨ ਨੰਬਰ : 9878469639






# ਮਾਂ-ਬਾਪ ਲਈ ਹਰ ਦਿਨ, ਨਾ ਕਿ ਸਿਰਫ਼ ਇੱਕ ਦਿਨ

ਪੂਰੇ ਸਾਲ ਦੌਰਾਨ ਕੈਲੰਡਰ ਕਈ ਰੰਗ ਬਦਲਦਾ ਹੈ। ਕਦੇ ਗੁਰੂਆਂ ਦਾ ਦਿਨ ਆਉਂਦਾ ਹੈ, ਕਦੇ ਮਜ਼ਦੂਰਾਂ ਦਾ। ਕਦੇ ਬੱਚਿਆਂ ਦਾ ਦਿਨ ਮਨਾਇਆ ਜਾਂਦਾ ਹੈ, ਕਦੇ ਭਰਾਵਾਂ-ਭੈਣਾਂ ਦਾ। ਕਦੇ ਪਤੀ-ਪਤਨੀ ਦਾ, ਕਦੇ ਦੋਸਤਾਂ ਦਾ ਤੇ ਕਦੇ ਪ੍ਰੇਮੀਆਂ ਦਾ ਦਿਨ ਵੀ ਆਉਂਦਾ ਹੈ। ਇਹ ਸਾਰੇ ਦਿਨ ਮਨਾਉਣੇ ਮਾੜੇ ਨਹੀਂ, ਰਿਸ਼ਤਿਆਂ ਨੂੰ ਯਾਦ ਕਰਨ ਦਾ ਬਹਾਨਾ ਬਣ ਜਾਂਦੇ ਹਨ। ਪਰ ਜਦ ਗੱਲ ਮਾਂ-ਬਾਪ ਦੀ ਆਉਂਦੀ ਹੈ, ਤਾਂ ਸਾਰਾ ਹਿਸਾਬ ਹੀ ਬਦਲ ਜਾਂਦਾ ਹੈ।

ਮਾਂ ਜਾਂ ਪਿਓ ਦੀ ਆਪਣੇ ਬੱਚਿਆਂ ਲਈ ਜੋ ਕੁਰਬਾਨੀ ਹੁੰਦੀ ਹੈ, ਉਸ ਦੇਣ ਨੂੰ ਅਸੀਂ ਇੱਕ ਦਿਨ ਦੀ ਤੱਕੜੀ 'ਚ ਤੋਲ ਕੇ ਸੁਰਖ਼ਰੂ ਨਹੀਂ ਹੋ ਸਕਦੇ। ਨੌਂ ਮਹੀਨੇ ਕੁੱਖ 'ਚ ਰੱਖਣ ਦਾ ਦਰਦ, ਰਾਤਾਂ ਦੇ ਜਾਗੇ, ਆਪਣੇ ਸੁਪਨੇ ਮਾਰ ਕੇ ਬੱਚਿਆਂ ਦੇ ਸੁਪਨੇ ਪਾਲਣ ਦੀ ਜ਼ਿੱਦ, ਇਹ ਸਭ ਇੱਕ "ਮਦਰਜ਼ ਡੇਅ" ਜਾਂ "ਫਾਦਰਜ਼ ਡੇਅ" ਦੇ ਕੇਕ ਕੱਟਣ ਨਾਲ ਨਹੀਂ ਉਤਰਦੀ।

ਇਹ "ਡੇਅ" ਵਾਲਾ ਸੱਭਿਆਚਾਰ ਪੱਛਮ ਦੀ ਦੇਣ ਹੈ। ਉੱਥੇ ਔਸਤਨ ਬੱਚੇ 18 ਸਾਲ ਦੇ ਹੁੰਦਿਆਂ ਹੀ ਮਾਂ-ਬਾਪ ਤੋਂ ਅਲੱਗ ਰਹਿਣ ਲੱਗ ਪੈਂਦੇ ਹਨ। ਸਾਲ 'ਚ ਇੱਕ-ਦੋ ਵਾਰ ਮਿਲਣਾ ਹੁੰਦਾ ਹੈ, ਸੋ ਉਹਨਾਂ ਲਈ ਇੱਕ ਦਿਨ ਖ਼ਾਸ ਤੌਰ 'ਤੇ ਮਾਪਿਆਂ ਨੂੰ ਯਾਦ ਕਰਨਾ, ਤੋਹਫ਼ਾ ਦੇਣਾ, ਸਮਝ ਆਉਂਦਾ ਹੈ। ਪਰ ਸਾਡਾ ਸੱਭਿਆਚਾਰ ਇਸ ਤੋਂ ਬਿਲਕੁਲ ਉਲਟ ਹੈ। ਸਾਡੇ ਘਰਾਂ 'ਚ ਅਜੇ ਵੀ ਤਿੰਨ-ਤਿੰਨ ਪੀੜ੍ਹੀਆਂ ਇੱਕ ਛੱਤ ਥੱਲੇ ਰਹਿੰਦੀਆਂ ਹਨ। ਸਵੇਰ ਦੀ ਚਾਹ ਤੋਂ ਰਾਤ ਦੀ ਰੋਟੀ ਤੱਕ ਮਾਂ-ਬਾਪ ਸਾਡੇ ਨਾਲ ਹੁੰਦੇ ਹਨ। ਇਸ ਲਈ ਪੱਛਮੀ ਨਕਲ ਕਰਕੇ ਇੱਕ ਦਿਨ ਨੂੰ "ਪੇਰੈਂਟਸ ਡੇਅ" ਦਾ ਨਾਂ ਦੇਣਾ, ਸਾਡੇ ਸੱਭਿਆਚਾਰ ਨਾਲ ਮੇਲ ਨਹੀਂ ਖਾਂਦਾ।

ਸਾਡੇ ਲਈ ਤਾਂ ਸਾਡੇ ਮਾਪਿਆਂ ਵਾਸਤੇ ਹਰ ਦਿਨ ਇੱਕੋ ਜਿਹਾ ਤੇ ਅਹਿਮ ਹੋਣਾ ਚਾਹੀਦਾ ਹੈ। ਸਵੇਰੇ ਉੱਠ ਕੇ "ਸਤਿ ਸ੍ਰੀ ਅਕਾਲ" ਬੁਲਾਉਣ ਤੋਂ ਲੈ ਕੇ ਰਾਤ ਨੂੰ ਉਹਨਾਂ ਦੇ ਪੈਰਾਂ ਨੂੰ ਹੱਥ ਲਾ ਕੇ ਸੌਣ ਤੱਕ, ਹਰ ਪਲ ਹੀ "ਪੇਰੈਂਟਸ ਡੇਅ" ਹੈ। ਜਿਸ ਦਿਨ ਅਸੀਂ ਇਹ ਸਮਝ ਲਿਆ ਕਿ 365 ਦੇ 365 ਦਿਨ ਹੀ ਹੈਪੀ ਪੇਰੈਂਟਸ ਡੇਅ ਹਨ, ਉਸ ਦਿਨ ਅਸੀਂ ਸੱਚਮੁੱਚ ਆਪਣੇ ਫਰਜ਼ ਨੂੰ ਪਛਾਣ ਲਵਾਂਗੇ।

ਦੂਜੀ ਗੱਲ, ਮਹਿਜ਼ ਉਪਚਾਰਿਕਤਾ ਦੇ ਤੌਰ 'ਤੇ ਵਟਸਐਪ ਸਟੇਟਸ 'ਤੇ "ਹੈਪੀ ਮਦਰ ਡੇਅ" ਜਾਂ "" ਹੈਪੀ ਫਦਰ ਡੇਅ ਲਿਖ ਦੇਣ ਨਾਲ ਗੱਲ ਨਹੀਂ ਬਣਦੀ। ਫੇਸਬੁੱਕ 'ਤੇ ਫੋਟੋ ਪਾ ਕੇ ਚਾਰ ਲਾਈਕ ਲੈ ਲੈਣ ਨਾਲ ਮਾਂ-ਬਾਪ ਦਾ ਕਰਜ਼ਾ ਨਹੀਂ ਉਤਰਦਾ। ਇਹ ਤਾਂ ਦਿਖਾਵਾ ਹੈ। ਅਸਲ ਗੱਲ ਤਾਂ ਇਹ ਹੈ ਕਿ ਸੱਚੋਂ ਦਿਲੋਂ ਮਾਂ-ਬਾਪ ਦੀ ਕਦਰ ਕੀਤੀ ਜਾਵੇ। ਕਦਰ ਉਦੋਂ ਹੁੰਦੀ ਹੈ ਜਦ ਤੁਹਾਡੇ ਕਰਕੇ ਉਹਨਾਂ ਦਾ ਸਿਰ ਮਾਣ ਨਾਲ ਉੱਚਾ ਹੋਵੇ।

ਕਦਰ ਉਹ ਹੈ ਜਦ ਤੁਸੀਂ ਅਜਿਹਾ ਕੋਈ ਕੰਮ ਨਾ ਕਰੋ ਕਿ ਮਾਂ-ਬਾਪ ਨੂੰ ਤੁਹਾਡੀ ਖ਼ਾਤਰ ਆਪਣਾ ਸਿਰ ਝੁਕਾਉਣਾ ਪਵੇ। ਕਦਰ ਉਹ ਹੈ ਜਦ ਬੁਢਾਪੇ 'ਚ ਉਹਨਾਂ ਨੂੰ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ, ਕਿਸੇ ਦੀ ਮਿੰਨਤ ਨਾ ਕਰਨੀ ਪਵੇ। ਕਦਰ ਉਹ ਹੈ ਜਦ ਉਹ ਬਿਮਾਰ ਹੋਣ ਤਾਂ ਤੁਸੀਂ ਉਹਨਾਂ ਦੀ ਲੱਤ ਘੁੱਟਣ ਲਈ ਦੁਨੀਆਂ ਦਾ ਕੋਈ ਕੰਮ ਛੱਡ ਸਕੋ। ਕਦਰ ਉਹ ਹੈ ਜਦ ਤੁਹਾਡੇ ਬੋਲ 'ਚ "ਬੋਲਿਆਂ" ਨਹੀਂ, "ਜੀ" ਵਾਲੀ ਨਰਮੀ ਹੋਵੇ।

ਮਾਂ-ਬਾਪ ਰੱਬ ਦਾ ਰੂਪ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ 'ਚ ਵੀ ਆਇਆ ਹੈ: "ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥ ਜਿਨ ਕੇ ਜਣੇ ਬਡੀਰੇ ਤੁਮ ਹਉ ॥" ਜਿਨ੍ਹਾਂ ਨੇ ਤੁਹਾਨੂੰ ਜਨਮ ਦਿੱਤਾ, ਉਹਨਾਂ ਨਾਲ ਝਗੜਾ ਕਿਉਂ? ਜਿਸ ਘਰ 'ਚ ਧੀ-ਪੁੱਤ ਮਾਂ-ਬਾਪ ਦੇ ਦਰਦ ਨੂੰ ਸਮਝਦੇ ਹਨ, ਉਸ ਘਰ 'ਚ ਰੱਬ ਆਪ ਵੱਸਦਾ ਹੈ। ਬਾਕੀ ਸਭ ਦਿਖਾਵਾ ਹੈ।

ਸੋ ਅੱਜ ਤੋਂ ਪ੍ਰਣ ਕਰੋ ਕਿ ਅਸੀਂ ਪੱਛਮ ਦੀ ਨਕਲ 'ਚ ਇੱਕ ਦਿਨ ਦਾ ਦਿਖਾਵਾ ਨਹੀਂ ਕਰਾਂਗੇ। ਸਗੋਂ ਹਰ ਸਵੇਰ ਨੂੰ ਮਾਂ-ਬਾਪ ਦੇ ਪੈਰਾਂ ਨੂੰ ਹੱਥ ਲਾ ਕੇ, ਹਰ ਰਾਤ ਨੂੰ ਉਹਨਾਂ ਦਾ ਆਸ਼ੀਰਵਾਦ ਲੈ ਕੇ, 365 ਦਿਨ ਹੀ "ਹੈਪੀ ਪੇਰੈਂਟਸ ਡੇਅ" ਮਨਾਵਾਂਗੇ। ਕਿਉਂਕਿ ਜਿਨ੍ਹਾਂ ਦੀ ਬਦੌਲਤ ਅਸੀਂ ਜਗ 'ਤੇ ਆਏ, ਉਹਨਾਂ ਲਈ ਇੱਕ ਦਿਨ ਨਹੀਂ, ਸਾਰੀ ਉਮਰ ਘੱਟ ਹੈ।



**ਗੁਰਜਿੰਦਰ ਸਿੰਘ**
**ਸਾਹਦੜਾ**

## ਰੋਜ਼ ਮਾਂ ਦਿਵਸ

ਤੁਸੀਂ ਕੱਲ੍ਹ ਫੋਟੋ ਪਾ ਕੇ, ਬੜਾ ਰੌਲਾ ਪਾਇਆ,
"ਹੈਪੀ ਮਦਰ' ਡੇ" ਦਾ ਸਟੇਟਸ ਲਾਇਆ।
ਅਸੀਂ ਚੁੱਪ ਰਹੇ, ਨਾ ਕੇਕ ਕੱਟਿਆ, ਨਾ ਹਾਰ ਪਾਇਆ,
ਕਿਉਂਕਿ ਸਾਡੇ ਲਈ ਤਾਂ ਰੋਜ਼ ਮਾਂ ਦਿਵਸ ਹੁੰਦਾ।

ਸਾਡੀ ਮਾਂ ਦੀ ਮੂਰਤ ਨਹੀਂ ਇੱਕ, ਰੂਪ ਹਜ਼ਾਰ ਨੇ,
ਸਕੂਲ ਦੀ ਕਿਤਾਬ 'ਚ, ਗੁਰੂ ਗ੍ਰੰਥ ਦੇ ਦੁਆਰ ਨੇ।
ਜੋ ਬੋਲੀ ਬੋਲਦੇ ਹਾਂ, ਜੋ ਅੱਖਰ ਲਿਖਦੇ ਹਾਂ,
ਮਾਂ-ਬੋਲੀ ਪੰਜਾਬੀ, ਉਹ ਵੀ ਤਾਂ ਮਾਂ ਹੀ ਆ।

ਰੋਟੀ ਪਕਾਉਂਦੀ ਮਾਂ ਦੇ ਹੱਥਾਂ 'ਚ ਜੰਨਤ ਦਿਸਦੀ,
ਗੁਰਬਾਣੀ ਪੜ੍ਹਦੀ ਮਾਂ ਦੀ ਗੋਦ 'ਚ ਜੰਨਤ ਦਿਸਦੀ।
ਜਦ "ਸੱਸੀ" ਪੜ੍ਹੀਏ, "ਹੀਰ" ਗਾਈਏ, "ਵਾਰਿਸ" ਬੋਲੀਏ,
ਹਰ ਲਫ਼ਜ਼ 'ਚੋਂ ਸਾਨੂੰ ਆਪਣੀ ਮਾਂ ਬੋਲਦੀ ਦਿਸਦੀ।

ਮਾਂ ਦਾ ਹਾਸਾ ਵੇਖ ਕੇ ਸਵੇਰ ਹੋ ਜਾਂਦੀ,
ਮਾਂ ਦੀ ਝਿੜਕ 'ਚ ਵੀ ਦੁਆਵਾਂ ਖਿੰਡ ਜਾਂਦੀਆਂ।
ਉਹਦੇ ਬਿਨ੍ਹਾਂ ਘਰ ਦੀ ਕੰਧ ਵੀ ਸੁੰਨੀ ਲੱਗਦੀ,
ਮਾਂ ਹੁੰਦੀ ਨਾਲ ਤਾਂ ਕਿਸਮਤ ਵੀ ਹੱਸ ਜਾਂਦੀ।

ਕਹਿੰਦਾ ਗੁਰਮੀਤ ਡੁਮਾਣਾ, ਸੁਣ ਲਓ ਸਿਆਣਿਓ,
ਮਾਂ ਨੂੰ ਇੱਕ ਦਿਨ 'ਚ ਨਾ ਤੋਲੋ ਨਾਦਾਨਿਓ।
ਜਿਸ ਦਿਨ ਕਿਤਾਬ ਨੂੰ ਚੁੰਮਣਾ ਛੱਡ ਦਿਆਂਗੇ,
ਜਿਸ ਦਿਨ ਪੰਜਾਬੀ ਨੂੰ ਭੁੱਲ ਜਾਵਾਂਗੇ,
ਉਸ ਦਿਨ ਸਮਝ ਲਵੀਂ, ਅਸੀਂ ਯਤੀਮ ਹੋ ਗਏ,
ਕਿਉਂਕਿ ਗ੍ਰੰਥ ਵੀ ਮਾਂ ਆ, ਗਿਆਨ ਵੀ ਮਾਂ ਆ।

**ਗੁਰਮੀਤ ਡੁਮਾਣਾ**
**ਲੋਹੀਆਂ ਖਾਸ, ਜਲੰਧਰ**
**76528 16074**



## ਹਾਸ ਵਿਅੰਗ: ਊਠ ਦੀ ਕਰਵਟ (ਤੇਰੀ ਹਰ ਕਲਾ ਟੇਡੀ)

ਤਕਰੀਬਨ ਚਾਰ ਕੁ ਸਾਲ ਦੀ ਬਣੀ ਨਵੀਂ ਪਾਰਟੀ ਨੂੰ ਆਪਣੇ ਕਿਆਸ ਨਾਲੋਂ ਕਿਤੇ ਵੱਧ ਰਿਕਾਰਡ ਤੋੜ ਸਫਲਤਾ ਮਿਲਣ ਦੇ ਨਾਲ ਹੀ ਉਸ ਦੇ ਕਨਵੀਨਰ ਦੀ ਹਉਮੈ ਦਾ ਪੈਮਾਨਾ (ਗ੍ਰਾਫ) ਵੀ ਵੱਧਣਾ ਸ਼ੁਰੂ ਹੋ ਗਿਆ। ਉਹ ਆਪਣੇ ਮਨ ਦੇ ਅਸਲੀ ਹਾਵਾ ਭਾਵਾਂ ਨੂੰ ਲਕੋਣ ਦਾ ਮਾਹਿਰ ਗਿਣਿਆ ਜਾਣ ਲੱਗਾ।

ਹਰ ਮਿਲਣ ਵਾਲੇ ਵਿਅਕਤੀ ਨੂੰ ਜਾਂ ਜਿੱਥੇ ਕਿਤੇ ਵੀ ਭਾਸ਼ਣ ਦਿੰਦਾ ਤਾਂ ਆਪਣੀ ਤੁਲਨਾ 'ਚੌਰਾਹੇ 'ਚ ਰੱਖੇ ਦੀਵੇ' ਨਾਲ ਕਰਦਿਆਂ ਕਹਿੰਦਾ ਕਿ ਉਹ ਹੁਣ ਆਮ ਜਨਤਾ ਦਾ ਸੇਵਕ ਹੈ ਅਤੇ ਭਟਕੀ ਜਨਤਾ ਨੂੰ ਉਨ੍ਹਾਂ ਦੇ ਹੱਕਾਂ ਦਾ ਰਾਹ ਦਿਖਾ ਕੇ ਮੰਜ਼ਲ ਤਕ ਪਹੁੰਚਾ ਕੇ ਦਮ ਲਵੇਗਾ। ਲੋਕਾਂ ਨੇ ਉਹਨੂੰ ਆਪਣੇ ਸਿਰਾਂ ਤੇ ਚੁੱਕ ਲਿਆ।

ਉਸ ਦੇ ਕੁੱਝ ਹੋਰ ਸਾਥੀਆਂ,ਜਿਨ੍ਹਾਂ ਨੂੰ ਬਹੁਤੇ ਲੋਕ 'ਮਹਿਫ਼ਲ ਦੇ ਚਿਰਾਗ਼' ਕਹਿੰਦੇ ਸੀ, ਨੇ ਵੀ ਉਹਨੂੰ ਸਮਝਾਇਆਂ ਕਿ 'ਰਾਹ ਦੇ ਦੀਵੇ' ਨੂੰ ਪਹਿਲਾਂ ਆਪਣੀ ਮੰਜ਼ਲ ਤੇ ਪਹੁੰਚਣ ਲਈ ਸਹੀ ਰਾਹ ਦੀ ਭਾਲ ਕਰਨਾ ਜ਼ਰੂਰੀ ਹੈ ਅਤੇ ਉਸ ਦੇ ਨਾਲ ਨਾਲ ਹਵਾ ਦੇ ਰੁੱਖ ਨੂੰ ਵੀ ਧਿਆਨ ਵਿਚ ਰੱਖਣਾ ਬਣਦਾ ਹੈ,ਪਰ ਉਹ ਆਪਣੀ ਹਉਮੈ ਵਿੱਚ ਆਪਣੇ ਆਪ ਨੂੰ ਉਭਾਰਦਾ ਗਿਆ।ਮਹਿਫ਼ਲ ਦੇ ਚਿਰਾਗ਼ਾਂ ਨੇ ਉਹਨੂੰ ਇਸ਼ਾਰਿਆਂ ਨਾਲ ਬਥੇਰਾ ਸਮਝਾਇਆ ਕਿ ਵਧੇਰੇ ਲੋਕ ਉਨ੍ਹਾਂ ਦੀ ਰੌਸ਼ਨੀ ਦੇ ਉਧਾਲੇ ਵੀ ਬੈਠ ਕੇ ਬਹੁਤ ਨੇਕ ਤੇ ਚੰਗੀਆਂ ਗੱਲਾਂ ਕਰਦੇ ਹਨ ਤੇ ਜਨ ਹਿਤ ਦੀ ਭਲਾਈ ਲਈ ਨਵਾਂ-ਨਵਾਂ ਸਿੱਖਦੇ ਹਨ ਤੇ ਇਮਾਨਦਾਰੀ ਦੇ ਰਾਹ ਤੇ ਚੱਲਣ ਲਈ ਪ੍ਰੇਰਦੇ ਵੀ ਹਨ। ਜੇ ਇਹਨਾਂ ਦੀ ਹੋਂਦ ਨਾ ਰਹੀ ਤਾਂ ਇਹ ਨੇਕ ਕੰਮ ਕਦੇ ਸਿਰੇ ਨਹੀਂ ਲੱਗਣਗੇ,ਅਧੂਰੇ ਹੀ ਰਹਿ ਜਾਣਗੇ।ਪਰ ਰਾਹ ਦੇ ਦੀਵੇ ਨੂੰ ਇਹ ਗੱਲ ਇੱਕ ਅੱਖ ਵੀ ਨਾ ਭਾਈ,ਸਗੋਂ ਉਨਹਾਂ ਦਾ ਤੇਲ ਚੂਸਣ ਲੱਗਾ।

ਦੋਹਾਂ ਦੀਵਿਆਂ ਦੀ ਆਪਸੀ ਤਕਰਾਰ ਦੇਖ ਕੇ,'ਮੰਦਰ' 'ਚ ਰੱਖੇ ਦੀਵੇ ਨੇ ਵੀ ਜੋਸ਼ ਖਾਧਾ ਅਤੇ ਲੱਗਾ ਦੱਸਣ ਕਿ ਮੈ ਮੰਦਰ ਦਾ ਦੀਵਾ ਹੋਣ ਦੇ ਨਾਲ-ਨਾਲ ਮੰਦਰ ਦਾ 'ਸਵਰਾਜ' ਵੀ ਹਾਂ ਅਤੇ ਮੇਰਾ ਜਨਮ-ਸਿੱਧ ਅਧਿਕਾਰ ਹੈ ਕਿ ਜੇ ਕੋਈ ਮੇਰੇ ਵਿਰੁੱਧ ਬੋਲਿਆ ਤਾਂ ਪੁਰਾਣੇ ਰਿਸ਼ੀਆਂ ਵਾਂਗ ਸਰਾਪ ਹੰਢਾਵੇਗਾ।ਭਾਵੇਂ ਮੈਂ ਮੰਦਰ ਵਿਚ ਇੱਕ ਥਾਂ ਤੇ ਸਥਾਪਤ ਹਾਂ,ਪਰ ਭਗਵਾਨ ਨੂੰ ਰੌਸ਼ਨੀ ਵਿਚ ਤੁਹਾਥੋਂ ਸਾਰਿਆ ਤੋਂ ਕਿਤੇ ਵੱਧ ਦੇਖਿਆ ਹੈ,ਵਰਨਾ ਤੁਸੀਂ ਤੇ ਕਦੋਂ ਦੇ ਡੁੱਬ ਮਰ ਖੱਪ ਗਏ ਹੁੰਦੇ।ਮੰਦਰ ਦੇ ਦੀਵੇ ਦੀ ਕਹਿਣੀ ਵਿਚ ਸੱਚ ਸੀ।

ਕਲ ਪੰਜਾਬ ਚੋਂ ਇੱਕ ਹਲਕਾ ਜਿਹਾ ਪਰ ਚੰਚਲ ਹਵਾ ਦਾ ਬੁੱਲ੍ਹਾ ਕੀ ਆਇਆ ਕਿ ਕਈ 'ਦੀਪ' ਬੁੱਝ ਗਏ ਅਤੇ ਕੁੱਝ ਟਿਮਟਿਮਾਉਣ ਲੱਗ ਪਏ ਹਨ।

--ਅਤੇ ਜੇ ਇਸ ਤੋਂ ਕਿਤੇ ਭੋਰਾ ਮਾਸਾ ਰਾਜਨੀਤੀ ਦੀ ਇਹ ਹਵਾ ਹੋਰ ਤੇਜ਼ ਵਗ ਪਈ ਤਾਂ ਹਉਮੈ ਦੇ ਦੀਵੇ ਦੀ ਪ੍ਰਕਾਸ਼ਮਈ ਜੋਤ ਦਾ ਅੰਤਲਾ ਸਮਾਂ ਬਹੁਤ ਦੂਰ ਨਹੀਂ।

ਜਨਤਾ ਵੀ ਇਹ ਦੇਖਣ ਨੂੰ ਉਤਾਵਲੀ ਹੈ ਕਿ ਇਸ ਹਵਾ ਦੇ ਰੁਖ਼ ਵਿਚ ਊਠ ਕਿਸ ਕਰਵਟ ਬੈਠਦਾ ਹੈ?

-0-



**ਸੁਰਜੀਤ ਸਿੰਘ ਭੁੱਲਰ**


# ਬਜ਼ੁਰਗਾਂ ਦੀ ਸੰਭਾਲ ਬਹੁਤ ਜ਼ਰੂਰੀ ਹੈ

ਬਜ਼ੁਰਗ ਅਵਸਥਾ ਉਹ ਅਵਸਥਾ ਹੁੰਦੀ ਹੈ ਜਦੋਂ ਸਾਰੀ ਉਮਰ ਦੀਆਂ ਘਾਲਣਾਵਾਂ ਘਾਲ਼ ਕੇ ਮਨੁੱਖ ਆਪਣੇ ਨਾਲ ਜੁੜੇ ਲੋਕਾਂ ਨੂੰ ਤੇ ਆਪਣੇ ਆਲ਼ੇ ਦੁਆਲ਼ੇ ਦੀ ਦੁਨੀਆਂ ਨੂੰ ਬਹੁਤ ਕੁਝ ਦੇ ਕੇ ਬੇਬਸ, ਲਾਚਾਰ ਤੇ ਲੜਖੜਾਉਂਦੇ ਹੋਏ ਜਦੋਂ ਆਪਣੀ ਦੇਹੀ ਨੂੰ ਆਪਣੇ ਹੀ ਪੈਰਾਂ ਤੇ ਖੜ੍ਹਾਉਣ ਦੀ ਤਾਕਤ ਵੀ ਨਹੀਂ ਰਹਿੰਦੀ, ਮਨੁੱਖ ਇਸ ਅਵਸਥਾ ਵਿੱਚ ਪਹੁੰਚ ਕੇ ਸਰੀਰਕ ਅਤੇ ਮਾਨਸਿਕ ਤੌਰ ਤੇ ਬਹੁਤ ਕਮਜ਼ੋਰ ਹੋ ਚੁੱਕਿਆ ਹੁੰਦਾ ਹੈ। ਇਹ ਉਹ ਸਮਾਂ ਹੁੰਦਾ ਹੈ ਜਦੋਂ ਆਪਣੇ ਹੱਥੀਂ ਲਾਏ ਬੂਟਿਆਂ ਦੀ ਛਾਂ ਮਾਣੀ ਜਾ ਸਕੇ। ਪਰ ਸਦੀ ਪਲਟਦੇ ਸਾਰ ਹੀ ਆਪਣਿਆਂ ਉੱਪਰ ਸਵਾਰਥਪੁਣਾ ਐਨਾ ਭਾਰੂ ਹੋ ਚੁੱਕਿਆ ਹੈ ਕਿ ਜਾਇਦਾਦ ਅਤੇ ਪੈਸੇ ਤੋਂ ਸਿਵਾਏ ਔਲਾਦ ਨੂੰ ਹੋਰ ਕੁਝ ਨਜ਼ਰ ਨਹੀਂ ਆਉਂਦਾ। ਜਿਹੜੇ ਮਾਪਿਆਂ ਨੇ ਆਪਣੇ ਸਾਰੇ ਸ਼ੌਂਕ ਮਾਰ ਕੇ ਬੱਚਿਆਂ ਦੇ ਸ਼ੌਂਕ ਪੂਰੇ ਕੀਤੇ ਹੋਣ,ਆਪਣੇ ਬੱਚਿਆਂ ਦੀ ਪਰਵਰਿਸ਼ ਆਪਣੀ ਹੈਸੀਅਤ ਤੋਂ ਵਧ ਕੇ ਕੀਤੀ ਹੋਵੇ ਤੇ ਉਹਨਾਂ ਮਾਪਿਆਂ ਨੂੰ ਜਦ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਔਲਾਦ ਕੋਲੋਂ ਇਸ ਲਈ ਰਿਹਾਅ ਕਰਵਾਇਆ ਜਾਵੇ ਕਿ ਉਹ ਉਹਨਾਂ ਦੇ ਆਪਣੇ ਘਰ ਦੀ ਚਾਰਦੀਵਾਰੀ ਅੰਦਰ ਹੀ ਗੁਲਾਮਾਂ ਵਾਲ਼ੇ ਤਸੀਹੇ ਝੱਲ ਰਹੇ ਹੋਣ ਤੇ ਉਹ ਤਸੀਹੇ ਵੀ ਉਹਨਾਂ ਦੀ ਆਪਣੀ ਔਲਾਦ ਦੇ ਰਹੀ ਹੋਵੇ।

ਸੜਕਾਂ ਤੇ ਰੁਲ ਰਹੇ ਮਾਪਿਆਂ ਨੂੰ ਸਮਾਜ ਸੇਵੀ ਜਥੇਬੰਦੀਆਂ ਆਸ਼ਰਮ ਦਾ ਸਹਾਰਾ ਦੇਣ ਕਿਉਂਕਿ ਉਹਨਾਂ ਦੀ ਔਲਾਦ ਨੇ ਬੁਢਾਪੇ ਕਾਰਨ ਉਹਨਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਹੋਵੇ । ਬਹੁਤੇ ਬਜ਼ੁਰਗਾਂ ਨੂੰ ਬੁਢਾਪੇ ਦੀਆਂ ਬੀਮਾਰੀਆਂ ਕਾਰਨ ਉਹਨਾਂ ਦੀ ਸਾਂਭ ਸੰਭਾਲ ਦੀ ਥਾਂ ਇੱਕ ਨੁੱਕਰੇ ਨਰਕ ਦੀ ਜ਼ਿੰਦਗੀ ਜਿਊਣ ਲਈ ਸੁੱਟ ਦਿੱਤਾ ਜਾਂਦਾ ਹੈ ਜਿੱਥੇ ਉਹਨਾਂ ਦੀ ਸਾਫ਼ ਸਫ਼ਾਈ ,ਖਾਣ ਪੀਣ ਤੇ ਮਨੋਭਾਵਾਂ ਦਾ ਬਿਲਕੁਲ ਧਿਆਨ ਨਹੀਂ ਦਿੱਤਾ ਜਾਂਦਾ।

ਬਜ਼ੁਰਗਾਂ ਦੀ ਸੰਭਾਲ ਕਰਨ ਦੀ ਗੱਲ ਜਿਹੜੇ ਦੇਸ਼ ਦੀ ਸੰਸਕ੍ਰਿਤੀ ਦਾ ਹਿੱਸਾ ਰਹੀ ਹੋਵੇ, ਜਿਸ ਦੇਸ਼ ਵਿੱਚ ਬਜ਼ੁਰਗਾਂ ਨੂੰ ਘਰ ਦਾ ਸਰਮਾਇਆ ਸਮਝਿਆ ਜਾਂਦਾ ਰਿਹਾ ਹੋਵੇ, ਬਜ਼ੁਰਗਾਂ ਨੂੰ ਘਰ ਦਾ ਜਿੰਦਰਾ ਆਖਿਆ ਜਾਂਦਾ ਰਿਹਾ ਹੋਵੇ ,ਉਸੇ ਦੇਸ਼ ਵਿੱਚ ਅੱਜ ਦੇ ਦੌਰ ਵਿੱਚ ਬਜ਼ੁਰਗਾਂ ਨਾਲ ਅਣਮਨੁੱਖੀ ਤਸ਼ੱਦਦ ਕੀਤਾ ਜਾਣ ਲੱਗੇ ਤਾਂ ਉਸ ਦੇਸ਼ ਦੇ ਮੱਥੇ ਤੇ ਇਹ ਗੱਲ ਇੱਕ ਕਲੰਕ ਬਣ ਕੇ ਉੱਭਰ ਰਹੀ ਹੈ। ਬਹੁਤੇ ਬਜ਼ੁਰਗ ਬੱਚਿਆਂ ਨੂੰ ਉੱਚ ਵਿੱਦਿਆ ਦਿਵਾਉਣ ਲਈ ਵਿਦੇਸ਼ਾਂ ਵਿੱਚ ਭੇਜ ਰਹੇ ਹਨ,ਜਿਸ ਕਰਕੇ ਉਹ ਪਿੱਛੇ ਇਕੱਲੇ ਰਹਿ ਜਾਣ ਕਾਰਨ ਬੁਢਾਪੇ ਦੀ ਅਵਸਥਾ ਨੂੰ ਇਕਲਾਪੇ ਵਿੱਚ ਕੱਟਣ ਲਈ ਮਜ਼ਬੂਰ ਹੁੰਦੇ ਹਨ । ਇੱਕ ਵਾਰ ਇੱਕ ਬਹੁਤ ਵੱਡੇ ਰਿਟਾਇਰਡ ਅਫਸਰ ਦੇ ਬੱਚੇ ਵਿਦੇਸ਼ ਵਿੱਚ ਵਸਦੇ ਸਨ। ਉਹਨਾਂ ਨੇ ਆਪਣੀ ਮਾਂ ਦੀ ਮੌਤ ਤੋਂ ਬਾਅਦ ਆਪਣੇ ਪੈਰਾਲਾਈਜ਼ਡ ਪਿਤਾ ਦੀ ਸੰਭਾਲ ਲਈ ਇੱਕ ਪੱਕਾ ਨੌਕਰ ਰੱਖ ਕੇ ਜ਼ਿੰਮੇਵਾਰੀ ਨਿਭਾਈ। ਮਹੀਨੇ ਬਾਅਦ ਨੌਕਰ ਨੂੰ ਉਸ ਦੀ ਤਨਖਾਹ ਭੇਜ ਦਿੰਦੇ ਤੇ ਆਪਣੇ ਪਿਤਾ ਦਾ ਹਾਲ ਚਾਲ ਪੁੱਛ ਲੈਂਦੇ। ਜਦ ਨੌਕਰ ਖ਼ਰੀਦੋ ਫਰੋਖਤ ਕਰਨ ਜਾਂਦਾ ਤਾਂ ਬਜ਼ੁਰਗ ਨੂੰ ਬਾਹਰੋਂ ਜੰਦਰਾ ਲਾ ਜਾਂਦਾ। ਇੱਕ ਦਿਨ ਇਸ ਤਰ੍ਹਾਂ ਬਾਹਰ ਗਿਆ ਨੌਕਰ ਹਾਦਸੇ ਦਾ ਸ਼ਿਕਾਰ ਹੋ ਕੇ ਕੋਹਮਾ ਵਿੱਚ ਚਲਿਆ ਗਿਆ। ਉਸ ਬਜ਼ੁਰਗ ਦੇ ਪੁੱਤਰ ਕਦੇ ਕਦਾਈਂ ਫੋਨ ਕਰਦੇ ਤਾਂ ਉਸ ਦਾ ਫ਼ੋਨ ਬੰਦ ਆਉਣ ਲੱਗਾ। ਕੁਝ ਸਮਾਂ ਤਾਂ ਉਹਨਾਂ ਨੇ ਗੌਲਿਆ ਨਹੀਂ,ਪਰ ਤਿੰਨ ਕੁ ਮਹੀਨੇ ਬਾਅਦ ਜਦ ਪਤਾ ਕਰਨਾ ਚਾਹਿਆ ਜਾਂ ਆਪਣੇ ਕਿਸੇ ਰਿਸ਼ਤੇਦਾਰ ਨੂੰ ਵੇਖ ਕੇ ਆਉਣ ਨੂੰ ਕਿਹਾ ਤਾਂ ਬਜ਼ੁਰਗ ਨੂੰ ਜਿਸ ਤਰ੍ਹਾਂ ਪਏ ਨੂੰ ਨੌਕਰ ਛੱਡ ਕੇ ਗਿਆ ਸੀ ਉਸੇ ਤਰ੍ਹਾਂ ਉਸ ਦਾ ਕੰਗਾਲ ਮਿਲਿਆ। ਹੈ ਨਾ ਕਿੰਨੇ ਦੁੱਖ ਦੀ ਗੱਲ...? ਜਿਹੜੇ ਬਜ਼ੁਰਗ ਨੇ ਸਾਰੀ ਉਮਰ ਉੱਚ ਅਹੁਦੇ ਤੇ ਹਿੱਕ ਤਾਣ ਕੇ ਨੌਕਰੀ ਕੀਤੀ ਉਸ ਦਾ ਅੰਤ ਕਿਸ ਤਰ੍ਹਾਂ ਹੋਇਆ। ਇਹ ਕੋਈ ਇੱਕ ਬਜ਼ੁਰਗ ਦੀ ਕਹਾਣੀ ਨਹੀਂ ਹੈ,ਪਤਾ ਨਹੀਂ ਕਿੰਨੇ ਕੁ ਬਜ਼ੁਰਗ ਸਾਂਭ ਸੰਭਾਲ ਤੇ ਅਣਦੇਖੀ ਕਾਰਨ ਰੁਲ਼ ਰਹੇ ਹਨ।

ਇਸ ਤਰ੍ਹਾਂ ਬਜ਼ੁਰਗਾਂ ਪ੍ਰਤੀ ਬਦਲ ਰਹੇ ਸਮਾਜਿਕ ਵਰਤਾਰੇ ਦਾ ਕਾਰਨ ਪਦਾਰਥਵਾਦੀ ਸੋਚ, ਇਕਹਿਰੇ ਪਰਿਵਾਰ ਅਤੇ ਸਿੱਖਿਆ ਵਿੱਚ ਘਾਟ ਹੈ। ਅੱਜ ਰਿਸ਼ਤਿਆਂ ਤੋਂ ਪਹਿਲਾਂ ਪੈਸੇ ਅਤੇ ਜਾਇਦਾਦ ਨੂੰ ਤਰਜੀਹ ਦਿੱਤੀ ਜਾਂਦੀ ਹੈ। ਪਰਿਵਾਰਾਂ ਵਿੱਚ ਦੁੱਖ ਸੁੱਖ ਵੰਡਾਉਣ ਦੀ ਥਾਂ ਖੁਸ਼ੀਆਂ ਕਲੱਬਾਂ, ਥਿਏਟਰਾਂ ਵਿੱਚ ਭਾਲ਼ੀਆਂ ਜਾ ਰਹੀਆਂ ਹਨ। ਅੱਜ ਪਾਠਕ੍ਰਮ ਸਮਝਾਏ ਨਹੀਂ ਸਗੋਂ ਸਿਰਫ ਪੜ੍ਹਾ ਕੇ ਸਿਲੇਬਸ ਪੂਰੇ ਕੀਤੇ ਜਾ ਰਹੇ ਹਨ। ਅੱਜ ਘਰ ਪਰਿਵਾਰ ਦੇ ਮੈਂਬਰਾਂ ਨੂੰ ਤਰਜੀਹ ਨਹੀਂ ਦਿੱਤੀ ਜਾਂਦੀ ਸਗੋਂ ਬਾਹਰਲੀ ਦੁਨੀਆ ਨੂੰ ਦਿਮਾਗ ਵਿੱਚ ਰੱਖ ਕੇ ਮਨੁੱਖ ਆਪਣਾ ਜੀਵਨ ਨਿਰਬਾਹ ਕਰ ਰਿਹਾ ਹੈ। ਜੇ ਅਸੀਂ ਸੱਚਮੁੱਚ ਚਾਹੁੰਦੇ ਹਾਂ ਕਿ ਸਾਡੇ ਬਜ਼ੁਰਗਾਂ ਦੀ ਸਾਂਭ ਸੰਭਾਲ ਪਹਿਲਾਂ ਵਾਂਗ ਹੀ ਸੋਹਣੇ ਢੰਗ ਨਾਲ ਕੀਤੀ ਜਾਏ ਤਾਂ ਮੁੱਢਲੀ ਵਿੱਦਿਆ ਤੋਂ ਲੈਕੇ ਉੱਚ ਵਿੱਦਿਆ ਤੱਕ ਕਿਤਾਬੀ ਪੜ੍ਹਾਈ ਦੇ ਨਾਲ ਨਾਲ ਉਸੇ ਤਰ੍ਹਾਂ ਹੀ ਵੱਡਿਆਂ ਦੀ ਸਾਂਭ ਸੰਭਾਲ ਲਈ ਨੈਤਿਕ ਸਿੱਖਿਆ ਦਾ ਹਰ ਰੋਜ਼ ਦੀ ਸਮਾਂ ਸਾਰਨੀ ਵਿੱਚ ਕੁਝ ਸਮਾਂ ਨਿਸ਼ਚਿਤ ਕੀਤਾ ਜਾਏ ਤਾਂ ਜੋ ਰੋਜ਼ ਰੋਜ਼ ਵੱਡਿਆਂ ਦੀ ਸੰਭਾਲ ਦੀ ਭਾਵਨਾ ਨੂੰ ਬੱਚਿਆਂ ਦੇ ਦਿਮਾਗ ਵਿੱਚ ਪਰਪੱਕ ਕੀਤਾ ਜਾਏ।



**ਬਰਜਿੰਦਰ ਕੌਰ ਬਿਸਰਾਓ...**
**9988901324**




# ਡਾ. ਅੰਬੇਡਕਰ ਸਕੂਲ ਬੁਲੰਦਪੁਰ 'ਚ ਦਸਵੀਂ ਕਲਾਸ ਦਾ ਨਤੀਜਾ 100 ਪ੍ਰਤੀਸ਼ਤ ਰਿਹਾ

**ਜਲੰਧਰ, 11 ਮਈ (ਪਰਮਜੀਤ ਜੱਸਲ )-** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸੈਸ਼ਨ 2025 - 26 ਵਿੱਚ ਪ੍ਰੀਖਿਆ ਦੌਰਾਨ ਡਾ. ਅੰਬੇਡਕਰ ਸਕੂਲ ਬੁਲੰਦਪੁਰ 'ਚ ਪੜ੍ਹਦੇ ਵਿਦਿਆਰਥੀਆਂ ਦਾ ਸਲਾਨਾ ਨਤੀਜਾ 100% ਰਿਹਾ। ਸਕੂਲ ਦੇ ਸਾਰੇ ਬੱਚੇ ਪਾਸ ਹੋਏ। ਸਕੂਲ ਦਾ ਨਤੀਜਾ ਵਧੀਆ ਆਉਣ 'ਤੇ ਪ੍ਰਿੰਸੀਪਲ ਪਰਮਜੀਤ ਜੱਸਲ ਨੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਹੈ। ਉਹਨਾਂ ਕਿਹਾ ਕਿ ਅਜਿਹਾ ਸਤਿਕਾਰ ਬਾਬਾ ਸਾਹਿਬ ਵੱਲੋਂ ਦਿੱਤੇ ਗਏ ਭਾਰਤੀ ਸੰਵਿਧਾਨ ਦੇ ਅਧਿਕਾਰਾਂ ਕਰਕੇ ਸੰਭਵ ਹੋਇਆ ਹੈ। ਉਹਨਾਂ ਕਿਹਾ ਕਿ ਸਖਤ ਮਿਹਨਤ ਕਰਨ ਵਾਲੇ ਵਿਦਿਆਰਥੀ ਹਮੇਸ਼ਾ ਹੀ ਜ਼ਿੰਦਗੀ 'ਚ ਅੱਗੇ ਵੱਧਦੇ ਹਨ। ਸੋਹਣ ਲਾਲ ਸਾਂਪਲਾ ਜਰਮਨੀ, ਬੀ. ਆਰ. ਕਟਾਰੀਆ ਯੂ.ਕੇ, ਕਮਲੇਸ਼ ਸਾਂਪਲਾ ਯੂ.ਕੇ, ਡਾ. ਜੀ. ਸੀ. ਕੌਲ, ਪ੍ਰੋਫੈਸਰ ਬਲਵੀਰ, ਐਡਵੋਕੇਟ ਹਰਭਜਨ ਸਾਂਪਲਾ, ਬਲਦੇਵ ਭਾਰਦਵਾਜ, ਚੰਚਲ ਬੌਧ , ਮਾਨਯੋਗ ਡਾਲੀਆ ਜੀ , ਡਾ. ਗੁਰਪਾਲ ਚੌਹਾਨ ,ਹੁਸਨ ਲਾਲ ਬੌਧ ਅਤੇ ਹਰਮੇਸ਼ ਜੱਸਲ ਜੀ ਨੇ ਫੋਨ ਰਾਹੀਂ ਪ੍ਰਿੰਸੀਪਲ ਜੀ ਨੂੰ ਦਸਵੀਂ ਕਲਾਸ ਦਾ ਵਧੀਆ ਨਤੀਜਾ ਆਉਣ 'ਤੇ ਵਧਾਈਆਂ ਦਿੱਤੀਆਂ ਹਨ।

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com